# ਸ੍ਰੀ ਗੁਰ ਕਥਾ ਦਾ ਮੂਲ ਪਾਠ ਸਟੀਕ ਸਹਿਤ

## ਸ੍ਰੀ ਗੁਰ ਕਥਾ
## ਕ੍ਰਿਤ
## ਕਵੀ ਬਾਬਾ ਜੀਵਨ ਸਿੰਘ (ਭਾਈ ਜਯਤਾ)

### ੧ਓ ਸ੍ਰੀ ਸਤਿਗੁਰ ਜੀ ਕੀ ਫਤੇ ਹੈ
### ਸ੍ਰੀ ਗੁਰ ਕਥਾ ਲਿਖਿਯਤੇ

**ਸਵੈਯਾ :** *ਆਦਿ ਨ ਅੰਤ ਨ ਰੂਪ ਨ ਰੰਗ,*
*ਨ ਨਾਮ ਨ ਠਾਮ[੧] ਨ ਜਾਤ ਲਖੇ[੨] ਹੈਂ।*
*ਮਾਤ ਪਿਤਾ ਸੁਤ ਬੰਧਪ[੩] ਨਾਹਿਨ,*
*ਮਰਨ ਨ ਬਰਨ ਨ ਜੋਨਿ ਭਰਮੇਯ ਹੈਂ।*
*ਟੇਕ ਅਟੇਕ ਇਕਾਗਰ ਸੁਰਪਤਿ,[੪]*
*ਅਤਿ ਸੁੰਦਰ ਕੀਰਤੀ ਕਰਤੇਯ ਹੈਂ।*
*ਏਕੁ ਅਕਾਲ ਅਮੂਰਤ ਸੈਭੰ,*
*ਜੋਤਿ ਸ੍ਰੀ ਪਦਮਾਪਤਿ ਵੇ ਹੈਂ॥ ੧॥*

**ਅਰਥ :** ਜਿਸ ਦੇ ਨਾ ਮੁੱਢ, ਨਾ ਅੰਤ, ਨਾ ਰੂਪ, ਨਾ ਰੰਗ, ਨਾ ਨਾਮ, ਨਾ ਉਸ ਦੀ ਰਹਿਣ ਵਾਲੀ ਖ਼ਾਸ ਥਾਂ ਨੂੰ ਜਾਣਿਆ ਜਾਂਦਾ ਹੈ, ਉਸ ਦੇ ਮਾਂ-ਪਿਓ, ਪੁੱਤ ਤੇ ਰਿਸ਼ਤੇਦਾਰ ਨਹੀਂ ਹਨ, ਨਾ ਉਸ ਦੀ ਮੌਤ ਹੁੰਦੀ ਹੈ, ਨਾ ਕੋਈ ਜਾਤੀ ਰੰਗ ਹੈ ਅਤੇ ਨਾ ਹੀ ਉਹ ਗਰਭ/ਜੂਨਾਂ ਵਿਚ ਭਟਕਦਾ ਹੈ। ਉਸ ਇਕ ਅਕਾਲ ਪੁਰਖ ਨੂੰ ਆਪਣਾ ਆਸਰਾ ਮੰਨ ਕੇ ਦੇਵਤਿਆਂ ਦਾ ਸੁਆਮੀ (ਇੰਦਰ) ਇੱਕ ਚਿੱਤ ਹੋ ਕੇ ਉਸ ਦੀ ਬਹੁਤ ਸੁੰਦਰ ਸਿਫ਼ਤ-ਸਲਾਹ ਕਰ ਰਿਹਾ ਹੈ। ਕਾਲ/ਸਮੇਂ ਦੇ ਪ੍ਰਭਾਵ ਤੋਂ ਰਹਿਤ, ਜਿਸ ਦਾ ਕੋਈ ਸਰੂਪ ਨਹੀਂ ਹੈ ਅਤੇ ਉਸ ਦਾ ਪ੍ਰਕਾਸ਼ ਵੀ ਆਪਣੇ ਆਪ ਤੋਂ ਹੀ ਹੋਇਆ ਹੈ। ਉਹ ਹੀ ਸ਼ਬਦ/ਪ੍ਰਕਾਸ਼ ਰੂਪ ਮਾਇਆ ਦਾ ਪਤੀ ਇਕ ਅਕਾਲ ਪੁਰਖ ਪਰਮਾਤਮਾ ਹੈ॥ ੧॥

---

੧. ਠਾਮ—ਟਿਕਾਣਾ, ੨. ਲਖੇ—ਜਾਣਨਾ
੩. ਬੰਧਪ— ਬੰਧੂ, ਭਰਾ, ੪. ਸੁਰਪਤਿ—ਦੇਵਤਿਆਂ ਦਾ ਸੁਆਮੀ (ਇੰਦਰ)

*ਗੁਰ ਸਿਖ ਗੁਰ ਉਪਦੇਸ ਸੁਨਹਿ,*
*ਅਰ ਸੁਨ ਉਪਦੇਸ ਸੋ ਮਨਹਿ[੫] ਬਸਾਵੈ।*
*ਕੂੜ ਕਲੇਸ ਮਿਟੈਂ ਭੈ ਤਾ ਕੇ,*
*ਨਿਜ ਘਰ ਹਰਿ ਕੋ ਦਰਸਨ ਪਾਵੈ।*
*ਬੁਧਿ ਬਿਬੇਕ[੬] ਪ੍ਰਾਪਤ ਨਰ ਕੋ,*
*ਗੁਰ ਪ੍ਰਸਾਦਿ ਭਰਮ ਸਭ ਜਾਵੈ।*
*ਧਿਆਨ ਧਰਹਿ ਗੁਰ ਸਬਦ ਸੁਰਤ ਕਰਿ,*
*ਆਪ ਤਰਹਿ ਜਨ ਲੋਕ ਤਰਾਵੈ॥ ੨॥*

**ਅਰਥ :** ਗੁਰਸਿੱਖ ਗੁਰੂ ਦੇ ਉਪਦੇਸ਼ ਨੂੰ ਧਿਆਨ ਨਾਲ ਸੁਣਦੇ ਅਤੇ ਸੁਣ ਕੇ ਗੁਰੂ ਦੁਆਰਾ ਬਖ਼ਸ਼ੇ ਗਿਆਨ/ਉਪਦੇਸ਼ ਨੂੰ ਮਨ ਵਿਚ ਵਸਾਉਂਦੇ ਹਨ, ਜਿਸ ਨਾਲ ਉਨ੍ਹਾਂ ਦੇ ਅੰਦਰੋਂ ਝੂਠ, ਕਲੇਸ਼ ਤੇ ਪਰਮਾਤਮਾ ਦੇ ਡਰ ਤੋਂ ਇਲਾਵਾ ਬਾਕੀ ਸਭ ਡਰ/ਭੈ ਖ਼ਤਮ ਹੋ ਜਾਂਦਾ ਹੈ ਅਤੇ ਉਹ ਆਪਣੇ ਹਿਰਦੇ ਘਰ ਵਿਚ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਪਾ ਲੈਂਦੇ ਹਨ। ਉਸ ਮਨੁੱਖ ਨੂੰ ਚੰਗੇ-ਮੰਦੇ ਦੀ ਪਰਖ ਕਰਨ ਵਾਲੀ ਅਕਲ ਪ੍ਰਾਪਤ ਹੋ ਜਾਂਦੀ ਹੈ ਤੇ ਗੁਰੂ ਦੀ ਕ੍ਰਿਪਾ ਦੁਆਰਾ ਉਸਦੇ ਮਨ ਦੇ ਭਰਮ ਖ਼ਤਮ ਹੋ ਜਾਂਦੇ ਹਨ। ਉਹ ਮਨ ਨੂੰ ਚਾਰੇ ਪਾਸਿਆਂ ਤੋਂ ਰੋਕ ਕੇ ਤੇ ਸੁਰਤਿ ਕਰਕੇ ਗੁਰੂ ਦੇ ਸ਼ਬਦ ਨਾਲ ਲਿਵ ਲਾਉਂਦੇ ਹਨ, ਜਿਸ ਕਰਕੇ ਉਹ ਆਪ ਵੀ ਭਵਜਲ ਸੰਸਾਰ ਨੂੰ ਪਾਰ ਕਰ ਜਾਂਦੇ ਹਨ ਅਤੇ ਹੋਰ ਲੋਕਾਂ ਨੂੰ ਵੀ ਤਾਰ ਲੈਂਦੇ ਹਨ॥ ੨॥

*ਗੁਰ ਸਬਦਿ ਮਨ ਬੰਧਨ ਜਿਸ ਕਾ,*
*ਅਰ ਸਬਦਿ ਗੁਰ ਚੀਤ ਟਿਕਾਇਆ।*
*ਤਿਹ ਨਰ ਮਾਰ ਲਿਉਂ ਜਮ ਹਉਂ ਕਾ,*
*ਗੁਰ ਸਬਦਿ ਅਭਿਮਾਨ ਮਿਟਾਇਆ।*
*ਭੂਤ[੭] ਭਵਿਖ ਭਵਾਨ ਕਾ ਸੰਸਾ[੮],*
*ਚੂਕ ਗਇਓ ਗੁਰ ਮਨਹਿ ਬਸਾਇਆ।*
*ਲਾਗ ਗਇਓ ਮਨ ਗੁਰ ਚਰਨਨ ਮਹਿ,*
*ਭਰਮ ਗਇਓ ਜਪਿਓ ਹਰਿ ਰਾਇਆ॥ ੩॥*

**ਅਰਥ :** ਜਿਸ ਨੇ ਗੁਰੂ ਦੇ ਸ਼ਬਦ ਨਾਲ ਮਨ ਬੰਨ੍ਹਿਆ ਹੋਇਆ ਹੈ ਅਤੇ ਗੁਰੂ ਦੇ ਸ਼ਬਦ ਨੂੰ ਹਿਰਦੇ-ਚਿੱਤ ਵਿਚ ਟਿਕਾਇਆ ਹੋਇਆ ਹੈ, ਉਸ ਮਨੁੱਖ ਨੇ ਆਪਣੇ ਅੰਦਰੋਂ ਹਉਮੈਂ ਰੂਪੀ ਜਮ ਮਾਰ ਲਿਆ ਹੈ ਤੇ ਗੁਰੂ ਦੇ ਸ਼ਬਦ-ਦੁਆਰਾ ਅਹੰਕਾਰ ਨੂੰ ਖ਼ਤਮ ਕਰ

---

੫. ਮਨਹਿ—ਮਨ ਵਿਚ, ੬. ਬੁਧਿ ਬਿਬੇਕ—ਚੰਗੇ-ਮੰਦੇ ਦੀ ਪਰਖ ਕਰਨ ਵਾਲੀ ਅਕਲ।
੭. ਭੂਤ—ਭੂਤਕਾਲ, ਬੀਤ ਗਿਆ ਸਮਾਂ, ੮. ਸੰਸਾ—ਡਰ, ਸਹਿਮ।

ਲਿਆ ਹੈ। ਗੁਰੂ-ਉਪਦੇਸ਼ ਨੂੰ ਮਨ ਵਿਚ ਵਸਾਉਣ ਨਾਲ ਅੰਦਰੋਂ ਤਿੰਨਾਂ ਕਾਲਾਂ (ਵਰਤਮਾਨ, ਭੂਤ, ਭਵਿੱਖ) ਵਿਚ ਮਾਇਆ ਦੇ ਮੋਹ ਤੋਂ ਪੈਦਾ ਹੋਣ ਵਾਲਾ ਤੌਖਲਾ/ਸਹਿਮ ਖ਼ਤਮ ਹੋ ਗਿਆ। ਮਨ ਗੁਰੂ ਦੇ ਉਪਦੇਸ਼/ਚਰਨਾਂ ਨਾਲ ਜੁੜ ਗਿਆ ਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਿਆਂ ਜਪਦਿਆਂ ਸਭ ਤਰ੍ਹਾਂ ਦੀ ਦੌੜ-ਭੱਜ ਭਾਵ ਭਟਕਣਾ ਖ਼ਤਮ ਹੋ ਗਈ॥ ੩॥

*ਦੀਨ ਦਿਆਲ ਕ੍ਰਿਪਾਲ ਕਰੁਣਾ ਨਿਧਿ,*
*ਭੇਦ ਕਿਨਿੰਹ ਕਿਛੁ ਤੋਰ ਨ ਪਾਇਓ।*
*ਧਰਨ[੯] ਗਗਨ[੧੦] ਨਵਖੰਡ ਮਹਿ ਕਿਹ ਕਰ,*
*ਘਟਿ ਘਟਿ ਅੰਤਰ ਜੋਤਿ ਜਗਾਇਓ।*
*ਕਿਮ ਕਰ ਜਾਨ ਸਕਹੂੰ ਪ੍ਰਭ ਤੋ ਕਹਿ,*
*ਸੁਰ[੧੧] ਨਰ[੧੨] ਮੁਨ[੧੩] ਜਨ ਭੇਦ ਨ ਪਾਇਓ।*
*ਬੇਦ ਪੁਰਾਨ ਕਤੇਬ ਕੁਰਾਨ ਬਹੁ,*
*ਭਾਲ ਥਕੇ ਕਿਛੁ ਹਾਥ ਨ ਆਇਓ॥ ੪॥*

ਅਰਥ: ਦੀਨਾਂ 'ਤੇ ਦਇਆ ਕਰਨ ਵਾਲੇ ਮਿਹਰਬਾਨ ਤੇ ਕ੍ਰਿਪਾ ਦੇ ਖ਼ਜ਼ਾਨੇ! ਕਿਸੇ ਨੇ ਵੀ ਤੇਰੇ ਬਾਰੇ ਕੁਛ ਨਹੀਂ ਜਾਣਿਆ। ਧਰਤੀ, ਅਕਾਸ਼ ਤੇ ਨੌਂ ਖੰਡਾਂ ਵਿਚ ਕਿਸ ਤਰ੍ਹਾਂ ਕਰਕੇ ਹਰੇਕ ਦਿਲ ਤੇ ਸਰੀਰ ਵਿਚ ਆਪ ਜੀ ਨੇ ਪ੍ਰਕਾਸ਼ ਕੀਤਾ ਹੋਇਆ ਹੈ। ਹੇ ਪ੍ਰਭੂ! ਮੈਂ ਤੈਨੂੰ ਕਿਵੇਂ ਜਾਣ ਸਕਦਾ ਹਾਂ? ਕਿਉਂਕਿ ਦੇਵਤੇ, ਮਨੁੱਖ ਤੇ ਮੁਨੀ ਲੋਕ ਆਦਿ ਵੀ ਤੇਰੇ ਬਾਰੇ ਕੁਝ ਨਹੀਂ ਜਾਣ ਸਕੇ। ਬੇਦ, ਪੁਰਾਨ, ਕਤੇਬ ਤੇ ਕੁਰਾਨ ਆਦਿ ਤੈਨੂੰ ਲੱਭਦੇ-ਲੱਭਦੇ ਥੱਕ ਗਏ ਪਰ ਉਨ੍ਹਾਂ ਦੇ ਹੱਥ ਵਿਚ ਵੀ ਕੁਝ ਨਹੀਂ ਆਇਆ।

*ਸਤਿ[੧੪] ਸੁ[੧੫] ਕਰਮਹਿ[੧੬] ਸਤਿ ਸੁ ਸਰਮਹਿ[੧੭],*
*ਸਤਿ ਸੁ ਧਰਮਹਿ ਸਤਿ ਸੁ ਬਾਣੀ।*
*ਸਤਿ ਸੁ ਜੀਵਨ ਸਤਿ ਸੁ ਮਰਣਾ,*
*ਸਤਿ ਸੁ ਖਾਣ ਅਖਾਣ ਔ ਖਾਣੀ[੧੮]।*
*ਸਤਿ ਸੁ ਨਾਮ ਅਠਾਮ ਸਭਾ ਸਤਿ,*
*ਸਤਿ ਸੁ ਜੀਵਨ ਜੁਗਤਿ ਪਛਾਣੀ।*
*ਸਤਿ ਸੁ ਕਾਲ ਅਕਾਲ ਅਕਥਨੇ,*
*ਸਤਿ ਸੁ ਸ੍ਰਿਸ਼ਟ ਦ੍ਰਿਸ਼ਟ[੧੯] ਵਖਾਣੀ॥ ੫॥*

---

੯. ਧਰਨ—ਧਰਤੀ, ੧੦. ਗਗਨ—ਅਕਾਸ਼, ੧੧. ਸੁਰ—ਦੇਵਤੇ, ੧੨. ਨਰ—ਮਨੁੱਖ, ੧੩. ਮੁਨ—ਮੁਨੀ ਲੋਕ, ੧੪. ਸਤਿ—ਸੱਚ, ੧੫. ਸੁ—ਉਹ, ਉੱਤਮ, ੧੬. ਕਰਮਹਿ—ਕੰਮ, ੧੭. ਸਰਮਹਿ—ਮਿਹਨਤ, ੧੮. ਖਾਣੀ—ਚਾਰ ਖਾਣੀਆਂ, ੧੯. ਦ੍ਰਿਸ਼ਟ—ਸਾਹਮਣੇ ਦੇਖਣਾ।

**ਅਰਥ :** ਉਹ ਕਰਮ, ਮਿਹਨਤ, ਧਰਮ, ਬਾਣੀ, ਜੀਵਨ, ਮਰਨ, ਖਾਣ-ਪੀਣ ਤੇ ਸ੍ਰਿਸ਼ਟੀ ਦੀ ਉਤਪਤੀ ਦੇ ਸਾਧਨ ਚਾਰੇ ਖਾਣੀਆਂ ਵਿਚ ਸੱਚਾ ਹੈ। ਪਰਮਾਤਮਾ ਦਾ ਨਾਮ, ਟਿਕਾਣਾ ਤੇ ਸਭਾ ਸੱਚ ਹੈ। ਉਹ ਜੀਵਨ ਵੀ ਸੱਚ ਹੈ ਜਿਸ ਨੇ ਜੀਵਨ ਦੀ ਸਫਲਤਾ ਭਾਵ ਪ੍ਰਭੂ ਮਿਲਾਪ ਦਾ ਢੰਗ ਜਾਣ ਲਿਆ ਹੈ। ਉਹ ਸਮਾਂ ਸੱਚਾ ਹੈ ਜਿਸ ਵਿਚ ਨਾ ਕਥੇ ਜਾਣ ਵਾਲੇ ਅਕਾਲ ਪੁਰਖ ਨੂੰ ਦਿੱਸ ਰਹੀ ਸ੍ਰਿਸ਼ਟੀ ਵਿਚ ਵੇਖਿਆ ਹੈ।

*ਜਲ ਬਿਨ ਜੀਵਨ ਹੋਹਿ ਨ ਕਬਹੂੰ,*
*ਗਰਭ ਮਹਿ ਜੀਵ ਕਉ ਗਿਆਨ ਨ ਹੋਹਿ ਹੈਂ।*
*ਜਿਵ ਚਿੰਤਨ ਬਿਨ ਚੀਤ ਨ ਹੋਇ ਹੈਂ,*
*ਅਰ ਚਿੰਤਨ ਬਿਨ ਜਨਮ ਨ ਕੋਇ ਹੈਂ।*
*ਇਵ ਜਨਨੀ ਧਰਨੀ ਚਿੰਤਨ ਕੀ,*
*ਚਿੰਤਨ ਜੀਵ ਕੈ ਚਿਤ ਕੀ ਲੋਇ[੨੦] ਹੈਂ।*
*ਅਰ ਸਭ ਚਿੰਤਨ ਧਰਨ ਤੇ ਹੋਹਿ ਹੈਂ,*
*ਤਾ ਕਰ ਧਰਨੀ ਜਨਨੀ ਗੋਇ ਹੈਂ॥ ੬॥*

**ਅਰਥ :** ਪਾਣੀ ਤੋਂ ਬਿਨਾਂ ਕਦੇ ਜੀਵਨ ਨਹੀਂ ਹੋ ਸਕਦਾ ਤੇ ਮਾਂ ਦੇ ਪੇਟ ਵਿਚ ਜੀਵ ਨੂੰ ਦੁਨਿਆਵੀ ਗਿਆਨ ਨਹੀਂ ਹੋ ਸਕਦਾ। ਜਿਵੇਂ ਖ਼ਿਆਲ ਕੀਤੇ ਬਿਨਾਂ ਖ਼ਿਆਲ ਚਿੱਤ ਨਹੀਂ ਹੋ ਸਕਦਾ ਤੇ ਬਗ਼ੈਰ ਵਿਚਾਰਾਂ ਦੇ ਕੋਈ ਉਤਪਤੀ ਨਹੀਂ, ਇਸੇ ਤਰ੍ਹਾਂ ਸੋਚਾਂ-ਵਿਚਾਰਾਂ ਨੂੰ ਜਨਮ ਦੇਣ ਵਾਲੀ ਧਰਤੀ ਹੈ, ਮਨ ਦੇ ਚੰਗੇ ਵਿਚਾਰ ਉਸ ਦੇ ਹਿਰਦੇ-ਚਿੱਤ ਦਾ ਪ੍ਰਕਾਸ਼ ਹੈ ਅਤੇ ਇਸ ਤਰ੍ਹਾਂ ਮਨੁੱਖ ਦੇ ਅੰਦਰ ਆਪਣੇ ਜੀਵਨ ਨੂੰ ਸਫਲ ਜਾਂ ਅਸਫਲ ਕਰਨ ਦੇ ਵਿਚਾਰ ਧਰਤੀ 'ਤੇ ਜਨਮ ਲੈਣ ਤੋਂ ਉਪਜਦੇ ਹਨ, ਇਸ ਕਰਕੇ ਧਰਤੀ ਨੂੰ ਮਾਂ ਕਿਹਾ ਜਾਂਦਾ ਹੈ॥ ੬॥

*ਦਿਨਸ ਕਉ ਜਨਮ ਸਮਾਨਹਿ ਜਾਨਹਿ,*
*ਰਾਤ ਕਉ ਮੌਤ ਕੈ ਸਮਸਰ[੨੧] ਮਾਨੈ।*
*ਦਿਨਸ ਔ ਰਾਤ ਕੀ ਖੇਲ ਮਹਿ ਸਬ ਹੀ,*
*ਖੇਲਤ ਹੈ ਜਗ ਏਕੁ ਸਮਾਨੈ।*
*ਕਰਮਨ ਕੈ ਲੇਖੈ[੨੨] ਕੈ ਕਾਰਣਿ,*
*ਜੋਨਿ ਗਰਭ ਏਹੁ ਜੀਵ ਭਰਮਾਨੈ[੨੩]।*
*ਪ੍ਰਭ ਕੈ ਭਾਣੈ[੨੪] ਤੈ ਨਾਮ ਜਪਿਓ ਜਿਨਿ,*
*ਆਪ ਤਰੈ ਪ੍ਰਵਾਰ ਤਰਾਨੈ॥ ੭॥*

**ਅਰਥ :** ਹੇ ਭਾਈ! ਦਿਨ ਨੂੰ ਜਨਮ ਹੋਣ ਦੇ ਸਮਾਨ ਜਾਣੋ ਅਤੇ ਰਾਤ ਨੂੰ ਮੌਤ ਦੇ

---

੨੦. ਪ੍ਰਕਾਸ਼, ੨੧. ਬਰਾਬਰ, ੨੨. ਹਿਸਾਬ-ਅਨੁਸਾਰ, ੨੩. ਭਟਕਦੇ, ੨੪. ਹੁਕਮ, ਰਜ਼ਾ।

ਬਰਾਬਰ ਜਾਣੋ। ਦਿਨ ਅਤੇ ਰਾਤ ਦੀ ਖੇਡ ਵਿਚ ਹੀ ਸਭ ਜਗਤ ਇਕ ਸਮਾਨ ਖੇਡ ਰਿਹਾ ਹੈ। ਜੀਵ ਆਪਣੇ ਕਰਮਾਂ ਦੇ ਹਿਸਾਬ ਅਨੁਸਾਰ ਆਵਾਗਵਨ ਦੇ ਚੱਕਰ ਵਿਚ ਭਟਕਦੇ ਫਿਰਦੇ ਹਨ। ਜਿਨ੍ਹਾਂ ਨੇ ਪ੍ਰਭੂ ਦੀ ਰਜ਼ਾ ਵਿਚ ਰਹਿ ਕੇ ਪਰਮਾਤਮਾ ਦਾ ਨਾਮ-ਸਿਮਰਨ ਕੀਤਾ ਹੈ, ਉਹ ਆਪ ਵੀ ਤਰ ਗਏ ਤੇ ਉਨ੍ਹਾਂ ਆਪਣੇ ਪਰਵਾਰ ਨੂੰ ਵੀ ਤਾਰ ਲਿਆ॥ ੭॥

# ਅਰਦਾਸ

ਕੀਟ ਪਤੰਗ ਬਹੁ ਬਾਰ ਲਿਆ ਬਪੁ[੨੫],
ਪਸ ਪਸੁ ਜਨਮਹਿ ਭਰਮਾਯੋ।
ਬਹੁ ਬਾਰ ਭਏ ਨਰ ਨਾਰਿ ਕੁਟੰਬਨ,
ਅਧਿਕ ਕੀਏ ਪੁਨ[੨੬] ਛੋਰ ਪਠਾਯੋ।
ਮਾਤ ਗਰਭ ਬਹੁ ਬਾਰ ਲੀਏ ਪੁਨ,
ਗਰਭ ਮੁਏ ਨਹਿ ਮਾਤ ਦਿਸਾਯੋ।
ਪੁਨ ਆਰਜ[੨੭] ਕੀਨ ਕਭੀ ਯਦਪਿ[੨੮],
ਤਦਪਿ[੨੯] ਬਹੁ ਬਾਰ ਅਪੂਰਣ[੩੦] ਪਾਯੋ॥ ੧॥ ੮॥

**ਅਰਥ :** ਆਵਾਗਵਨ ਦੇ ਚੱਕਰ ਵਿਚ ਇਹ ਸਰੀਰ ਕਈ ਵਾਰ ਕੀੜੇ, ਪਤੰਗੇ ਤੇ ਪਸ਼ੂਆਂ ਆਦਿ ਦੀ ਜੂਨ ਵਿਚ ਭਟਕਦਾ ਰਿਹਾ। ਕਈ ਵਾਰ ਇਸਤਰੀ-ਪੁਰਖ ਦੇ ਰੂਪ ਵਿਚ ਜਨਮ ਲਿਆ ਤੇ ਵੱਡੇ ਪਰਵਾਰ ਪੈਦਾ ਕੀਤੇ ਅਤੇ ਫਿਰ ਪਰਵਾਰ ਨੂੰ ਛੱਡ ਕੇ ਲੋਕ ਤੋਂ ਪ੍ਰਲੋਕ ਚਲੇ ਗਿਆ। ਕਈ ਵਾਰ ਮਾਂ ਦੇ ਗਰਭ ਵਿਚ ਆਇਆ ਪਰੰਤੂ ਗਰਭ ਵਿਚ ਹੀ ਮੌਤ ਹੋ ਜਾਂਦੀ ਰਹੀ। ਇਸ ਤਰ੍ਹਾਂ ਜਿਸ ਮਾਂ ਨੇ ਜਨਮ ਦੇਣਾ ਸੀ, ਉਸਦੇ ਦਰਸ਼ਨ ਵੀ ਨਾ ਹੋ ਸਕੇ। ਫਿਰ ਜਦੋਂ ਪਰਮਾਤਮਾ ਨੇ ਵੱਡੀ ਉਮਰ ਬਖ਼ਸ਼ੀ ਤਦ ਵੀ ਉਸ ਸਿਰਜਨਹਾਰ ਪਰਮੇਸ਼ਰ ਦੇ ਸਿਮਰਨ ਨੂੰ ਵਿਸਾਰ ਕੇ ਬਹੁਤ ਵਾਰੀ ਆਤਮਿਕ ਜੀਵਨ ਜਾਂ ਜੀਵਨ ਮਨੋਰਥ ਵਿਚ ਸਫਲਤਾ ਨਾ ਪ੍ਰਾਪਤ ਕਰ ਸਕਿਆ॥ ੧॥ ੮॥

ਰਾਖ ਲੇਹੁ ਪ੍ਰਭ ਨਾਮ ਦੇਹੁ,
ਏਹੁ ਬਾਰ ਨ ਜਨਮ ਅਕਾਰਥ[੩੧] ਜਾਇ।
ਪਿਤ ਮਾਤ ਕੁਟੰਬ ਕਉ ਰਾਖੁ ਲੇਹੁ ਪ੍ਰਭ,
ਰਾਖੁ ਲੇਹੁ ਸੁਤ ਜਨਨੀ ਮਾਇ।
ਪ੍ਰਭ ਰਾਖੁ ਲੇਹੁ ਨੇਹੁ ਜਿਹ ਕੀਨਸ,[੩੨]
ਅਬ ਰਾਖੁ ਲੇਹੁ ਬਰ ਸਤ੍ਰ[੩੩] ਸੁਹਾਇ।
ਪ੍ਰਭ ਰਾਖੁ ਲੇਹੁ ਸੰਗ ਸਾਥ ਚਲੇ ਜਨ,
ਰਾਖੁ ਲੇਹੁ ਮਧਿ ਤੇ ਤਜ ਆਇ॥ ੨॥ ੯॥

---

੨੫. ਸਰੀਰ, ਵਿਚਾਰਾ, ੨੬. ਫਿਰ, ੨੭. ਉਮਰ, ੨੮. ਜਦ, ੨੯. ਤਦ, ੩੦. ਘੱਟ, ਅਸਫਲ, ੩੧. ਬੇਅਰਥ, ੩੨. ਕੀਤਾ, ੩੩. ਦੁਸ਼ਮਣ।

**ਅਰਥ :** ਹੇ ਪ੍ਰਭੂ ! ਇਸ ਵਾਰ ਮੈਨੂੰ ਨਾਮ-ਅੰਮ੍ਰਿਤ ਦੀ ਦਾਤ ਬਖ਼ਸ਼ ਕੇ ਮੇਰੀ ਦੀਨ-ਦੁਨੀਆਂ ਵਿਚ ਪੈਜ ਰੱਖੋ ਤਾਂਕਿ ਇਸ ਵਾਰ ਵੀ ਮਾਨਸ ਜ਼ਨਮ ਬੇਅਰਥ ਨਾ ਚਲਿਆ ਜਾਵੇ। ਹੇ ਪ੍ਰਭੂ ! ਪਿਤਾ, ਮਾਤਾ, ਪਰਵਾਰ ਪੁੱਤਰ ਤੇ ਜਨਮ ਦੇਣ ਵਾਲੀ ਮਾਂ ਦੀ ਵੀ ਰੱਖਿਆ ਕਰੋ। ਉਨ੍ਹਾਂ ਦੀ ਵੀ ਪੈਜ ਰੱਖੋ ਜਿਨ੍ਹਾਂ ਨੇ ਪ੍ਰੇਮ ਕੀਤਾ ਜਾਂ ਜਿਹੜੇ ਦੁਸ਼ਮਣ ਬਣੇ। ਹੇ ਪਰਮਾਤਮਾ ! ਉਨ੍ਹਾਂ ਸਾਰੇ ਸੰਗੀ-ਸਾਥੀਆਂ ਦੀ ਵੀ ਰੱਖਿਆ ਕਰੋ ਜੋ ਪ੍ਰਭੂ-ਮਿਲਾਪ ਵਾਸਤੇ ਗੁਰਮਤਿ ਮਾਰਗ 'ਤੇ ਨਾਲ ਚਲੇ ਹਨ ਅਤੇ ਉਨ੍ਹਾਂ ਦੀ ਵੀ ਰੱਖਿਆ ਕਰੋ ਜੋ ਖੰਡੇ ਦੀ ਧਾਰ ਨਾਲੋਂ ਤਿੱਖੇ ਅਤੇ ਵਾਲ ਨਾਲੋਂ ਪਤਲੇ ਇਸ ਮਾਰਗ 'ਤੇ ਚੱਲਣ ਨੂੰ ਔਖੀ ਖੇਡ ਸਮਝ ਕੇ ਅੱਧ ਵਿਚੋਂ ਮੁੜ ਆਏ॥ ੨ ॥ ੯ ॥

*ਪ੍ਰਭ ਰਾਖਹੁ ਸਖਾ ਕਿਸੋਰਨ[੩੪] ਕਉ,*
*ਜਿਨ ਸੋ ਹਰਿ ਕੀਰਤਨ ਮੰਗਲ[੩੫] ਗਾਇ।*
*ਰਾਖਹੁ ਪ੍ਰਭ ਗੁਰ ਜਨ ਬਿਦਿਆ ਕੈ,*
*ਜਿਨਿ ਬਿਦਿਆ ਦਾਨ ਦੀਓ ਹਰਖਾਇ।*
*ਰਾਖੁ ਲੇਹੁ ਮਮ ਸਤ੍ਰਨ ਕਉ ਪ੍ਰਭ,*
*ਰਾਖੁ ਲੇਹੁ ਫੁਨ[੩੬] ਮਿਤ੍ਰ ਸਦਾਇ।*
*ਪ੍ਰਭ ਰਾਖਹੁ ਦੁਰਜਨ[੩੭] ਸਜਨਿ ਕਉ,*
*ਜੋ ਮਿਤ੍ਰ ਰੂਪ ਅਰਿ[੩੮] ਸੋਂ[੩੯] ਮਿਲ ਜਾਇ॥ ੩ ॥ ੧੦ ॥*

**ਅਰਥ :** ਹੇ ਪਰਮਾਤਮਾ ! ਉਨ੍ਹਾਂ ਜਵਾਨ ਸਾਥੀਆਂ ਦੀ ਵੀ ਰੱਖਿਆ ਕਰੋ, ਜਿਨ੍ਹਾਂ ਨਾਲ ਰਲ ਕੇ ਪ੍ਰਭੂ ਦੀ ਸਿਫ਼ਤ-ਸਲਾਹ ਦੇ ਗੀਤ ਗਾਏ। ਵਿੱਦਿਆ ਦੇ ਉਨ੍ਹਾਂ ਗੁਰੂ-ਜਨਾਂ ਦੀ ਰੱਖਿਆ ਕਰੋ ਜਿਨ੍ਹਾਂ ਨੇ ਪ੍ਰਸੰਨ ਹੋ ਕੇ ਵਿੱਦਿਆ ਦਾ ਦਾਨ ਕੀਤਾ। ਹੇ ਪ੍ਰਭੂ ! ਮੇਰੇ ਉਨ੍ਹਾਂ ਦੁਸ਼ਮਣਾਂ ਦੀ ਵੀ ਰੱਖਿਆ ਕਰੋ ਜੋ ਫਿਰ ਮਗਰੋਂ ਮਿੱਤਰ ਅਖਵਾਏ ਗਏ। ਮੰਦੇ ਲੋਕਾਂ ਤੇ ਉਨ੍ਹਾਂ ਸੱਜਣਾਂ ਦੀ ਵੀ ਰੱਖਿਆ ਕਰੋ ਜੋ ਮਿੱਤਰ ਰੂਪ ਹੋ ਕੇ ਦੁਸ਼ਮਣਾਂ ਨਾਲ ਮਿਲ ਗਏ॥ ੩ ॥ ੧੦ ॥

*ਪ੍ਰਭ ਰਾਖੁ ਲੇਹੁ ਮਹਿਖਨ[੪੦] ਗਊਅਨ[੪੧] ਕਉ,*
*ਜਿਨਿ ਦੁਗਧ[੪੨] ਦੀਆ ਅਰ ਚੀਤ ਅਘਾਏ[੪੩]।*
*ਰਾਖਹੁ ਪ੍ਰਭ ਗੋਪ ਗੋਪਾਲਨ ਕਉ,*
*ਦਹਿ ਨਾਖਨ[੪੪] ਕਿਰਤ ਕਰਹਿ ਹਰਖਾਏ[੪੫]।*
*ਪ੍ਰਭ ਰਾਖੁ ਲੇਹੁ ਸਗਰੇ ਤਰਵਰ ਬਨ,[੪੬]*
*ਫੂਲ ਖਿਲੇ ਫਲ ਬਹੁਤ ਮਿਸਟਾਏ[੪੭]।*

---

੩੪. ਜਵਾਨਾਂ, ੩੫. ਗੀਤ, ੩੬. ਫਿਰ, ੩੭. ਮੰਦੇ ਲੋਕ, ਦੁਸ਼ਮਣ, ੩੮. ਦੁਸ਼ਮਣ, ੩੯. ਨਾਲ, ੪੦. ਮੱਝਾਂ, ੪੧. ਗਾਵਾਂ, ੪੨. ਦੁੱਧ, ੪੩. ਤ੍ਰਿਪਤ, ਪ੍ਰਸੰਨ, ੪੪. ਦਸਾਂ ਨਹੁੰਆਂ, ੪੫. ਪ੍ਰਸੰਨ ਹੋਏ, ੪੬. ਦਰੱਖ਼ਤ, ਜੰਗਲ, ੪੭. ਮਿੱਠੇ।

*ਪ੍ਰਭ ਰਾਖੁ ਲੇਹੁ ਅੰਨ ਭੋਜਨ ਕਉ,*
*ਸਿੰਧੁ[੪੮] ਜੀਵ ਜੋ ਜਲ ਥਲ ਤਲ ਰਹਾਏ॥ ੪ ॥ ੧੧ ॥*

**ਅਰਥ :** ਹੇ ਪਰਮਾਤਮਾ ! ਮੱਝਾਂ ਗਊਆਂ ਦੀ ਵੀ ਰੱਖਿਆ ਕਰੋ ਜਿਨ੍ਹਾਂ ਨੇ ਦੁੱਧ ਦੇ ਕੇ ਮਨ ਨੂੰ ਤ੍ਰਿਪਤ ਕੀਤਾ। ਹੇ ਪ੍ਰਭੂ ! ਉਨ੍ਹਾਂ ਗੋਪਾਂ ਤੇ ਗਵਾਲਿਆਂ ਦੀ ਵੀ ਰੱਖਿਆ ਕਰੋ ਜੋ ਦਸਾਂ ਨਹੁੰਆਂ ਨਾਲ ਹੱਥ ਦੀ ਕਮਾਈ ਕਰਕੇ ਪ੍ਰਸੰਨ ਹੋਏ। ਹੇ ਪਰਮਾਤਮਾ ! ਸਭ ਫਲ-ਬੂਟਿਆਂ ਦੀ ਰੱਖਿਆ ਕਰੋ ਜਿਨ੍ਹਾਂ ਨੂੰ ਸੁੰਦਰ ਫੁੱਲ ਤੇ ਮਿੱਠੇ ਫਲ ਲੱਗੇ ਹੋਏ ਹਨ। ਉਸ ਅੰਨ-ਭੋਜਨ ਦੀ ਵੀ ਰੱਖਿਆ ਕਰੋ ਜਿਸ ਨੂੰ ਸਮੁੰਦਰ ਤੇ ਧਰਤੀ ਦੇ ਜੀਵ-ਜੰਤੂ ਛਕਦੇ ਹਨ॥ ੪ ॥ ੧੧ ॥

*ਪ੍ਰਭ ਰਾਖੁ ਲੇਹੁ ਚਿਤ ਜੀਵ ਜਿਤੇ,[੪੯]*
*ਧਰਨੀ ਧਰ ਮੇਰੁ[੫੦] ਔਰ ਤਲਾਏ।*
*ਜਲ ਥਲ ਮਹੀਯਲ ਪ੍ਰਭ ਰਾਖੁ ਲੇਹੁ,*
*ਅਰ ਰਾਖੁ ਲੇਹੁ ਪ੍ਰਭੰਜਨ[੫੧] ਰਾਏ।*
*ਪ੍ਰਭ ਰਾਖਹੁ ਗੰਧ ਸੁਗੰਧ ਸਬਹਿ,*
*ਅਰ ਧੌਲ[੫੨] ਖਿਪਾ ਰਾਖਹੁ ਜਗ ਮਾਏ।*
*ਪ੍ਰਭ ਰਾਖਹੁ ਉਗਵਣ[੫੩] ਆਥਵਣਿਹ,[੫੪]*
*ਔਰ ਰੁਤ ਕਰੁਤ ਸਬਹਿ ਬਨ ਸਾਏ॥ ੫ ॥ ੧੨ ॥*

**ਅਰਥ :** ਹੇ ਪ੍ਰਭੂ ! ਧਰਤੀ ਅਤੇ ਸੁਮੇਰ ਪਰਬਤ ਦੇ ਉਪਰ ਹੇਠਾਂ ਰਹਿਣ ਵਾਲੇ ਜਿੰਨੇ ਵੀ ਜੀਵ ਹਨ, ਸਭ ਦੀ ਰੱਖਿਆ ਕਰੋ। ਜੋ ਜਲ, ਥਲ, ਅਕਾਸ਼ ਤੇ ਪ੍ਰਚੰਡ ਹਨੇਰੀ ਵਿਚ ਹਨ, ਉਨ੍ਹਾਂ ਦੀ ਵੀ ਰੱਖਿਆ ਕਰੋ। ਹੇ ਪਰਮਾਤਮਾ ! ਸੰਸਾਰ ਵਿਚ ਸਭ ਗੰਧ-ਸੁਗੰਧ ਅਤੇ ਧਰਮ ਰੂਪੀ ਬਲਦ ਦੀ ਵੀ ਰੱਖਿਆ ਕਰੋ। ਸੂਰਜ ਦੇ ਚੜ੍ਹਨ, ਅਸਤਨ, ਸਭ ਰੁੱਤਾਂ-ਕਰੁੱਤਾਂ ਅਤੇ ਪੌਦੇ/ਜੰਗਲਾਂ ਦੀ ਰੱਖਿਆ ਕਰੋ॥ ੫ ॥ ੧੨ ॥

*ਪ੍ਰਭ ਰਾਖੁ ਅਕਾਸ ਪਾਤਾਲ ਸਬਹਿ,*
*ਜਲ ਖੰਡ ਅਖੰਡ ਬ੍ਰਹਿਮੰਡ ਸਬਾਇ।*
*ਰਾਖਹੁ ਪ੍ਰਭ ਸਸੀਅਰ[੫੫] ਸੂਰ[੫੬] ਸਬਹਿ,*
*ਜਿਨ ਸਬਦ ਸੁਣਹਿ ਅਰ ਹੁਕਮ ਬਜਾਇ।*
*ਰਾਖਹੁ ਪ੍ਰਭੁ ਅੰਧ ਗੁਬਾਰ[੫੭] ਸਬਹਿ,*
*ਜਿਨ ਕਾਰਨ ਨੂਰ ਅਤਿ ਮਨ ਭਾਇ।*

---

੪੮. ਸਮੁੰਦਰ, ਸਾਗਰ, ੪੯. ਜਿੰਨੇ ਵੀ, ੫੦. ਸੁਮੇਰ ਪਰਬਤ, ੫੧. ਤੂਫਾਨ, ਪ੍ਰਚੰਡ, ਹਨੇਰੀ ਜੋ ਦਰੱਖ਼ਤਾਂ ਨੂੰ ਉਖੇੜ ਸੁੱਟੇ, ੫੨. ਧਰਮ ਰੂਪੀ ਬਲਦ, ੫੩. ਉਦੈ, ਚੜ੍ਹਨਾ, ੫੪. ਆਥਣੇ, ਸ਼ਾਮ, ਸੂਰਜ ਅਸਤਨ, ੫੫. ਚੰਦਰਮਾ, ੫੬. ਸੂਰਜ, ੫੭. ਘੁੱਪ ਹਨੇਰਾ।

*ਕ੍ਰਿਪਾ ਸਿੰਧੁ ਸ੍ਰਿਸਟੀ ਰਾਖੁ ਸਬਹਿ,*
*ਜਯਤਾ ਜਨ ਜੀਵਨ ਮੁਕਤਿ ਪਾਇ॥ ੬ ॥ ੧੩ ॥*

**ਅਰਥ :** ਹੇ ਪਰਮਾਤਮਾ! ਅਕਾਸ਼, ਪਤਾਲ, ਪਾਣੀ, ਧਰਤੀ ਦੇ ਟੁਕੜੇ (ਵੱਡੇ-ਵੱਡੇ ਦੇਸ਼) ਧਰਤੀ ਅਤੇ ਬ੍ਰਹਿਮੰਡ ਆਦਿ ਸਭ ਦੀ ਰੱਖਿਆ ਕਰੋ। ਹੇ ਪ੍ਰਭੂ! ਸਭ ਸੂਰਜ ਤੇ ਚੰਦਰਮਾਂ ਦੀ ਰੱਖਿਆ ਕਰੋ ਜਿਨ੍ਹਾਂ ਨੇ ਆਪ ਜੀ ਦਾ ਉਪਦੇਸ਼ ਸੁਣ ਕੇ ਆਪ ਜੀ ਦੇ ਹੁਕਮ ਦੀ ਪਾਲਣਾ ਕੀਤੀ ਹੈ। ਉਸ ਅਗਿਆਨਤਾ ਦੇ ਘੁੱਪ ਹਨੇਰੇ ਦੀ ਵੀ ਰੱਖਿਆ ਕਰੋ ਜਿਸ ਕਰਕੇ ਮਨ ਨੂੰ ਆਪ ਜੀ ਦਾ ਬਖ਼ਸ਼ਿਆ ਗਿਆਨ/ਪ੍ਰਕਾਸ਼ ਬਹੁਤ ਚੰਗਾ ਲੱਗਦਾ ਹੈ। ਹੇ ਕ੍ਰਿਪਾ ਦੇ ਸਾਗਰ! ਸਾਰੀ ਸ੍ਰਿਸ਼ਟੀ ਦੀ ਰੱਖਿਆ ਕਰੋ ਅਤੇ ਆਪ ਜੀ ਦਾ ਸੇਵਕ ਜੈਤਾ ਸਦਾ ਲਈ ਮੁਕਤ ਹੋ ਜਾਵੇ॥ ੬ ॥ ੧੩ ॥

*ਬਹੁ ਬਾਰ ਭਏ ਪ੍ਰੰਖੀ ਜਲਚਰ,*[੫੮]
*ਜਲ ਅੰਭ*[੫੯] *ਬਸੈ ਕਰ ਬਾਸ ਬਨੈਲਾ।*
*ਪਾਤਾਲ ਕੋ ਜੀਵ ਬਹੁ ਬਾਰ ਭਯੋ,*
*ਬਹੁ ਬਾਰ ਆਕਾਸ ਭ੍ਰਾਮੰਤ ਰਹੈਲਾ।*
*ਬਹੁ ਬਾਰ ਤਰੂ*[੬੦] *ਨਿਰਮਾਏ ਭਏ,*
*ਮਮ ਜੀਵ ਅਤਿ ਨਿਜ ਖੋੜਿ ਬਸੈਲਾ।*
*ਸਰਨਯ ਸਰਨਾਗੈ ਸਰਨਿ ਸੁਰ,*
*ਜਯਤਾ ਜਨ ਸਰਨ ਅਨੰਤ ਰਖੈਲਾ॥ ੭ ॥ ੧੪ ॥*

**ਅਰਥ :** ਕਈ ਵਾਰ ਪੰਛੀ ਜਲਵਸ ਭਾਵ ਪਾਣੀ ਦੇ ਜੀਵ ਬਣੇ ਤੇ ਕਈ ਵਾਰ ਅਕਾਸ਼ ਵਿਚ ਰਹੇ। ਕਈ ਵਾਰ ਪਤਾਲ ਦੇ ਜੀਵ ਬਣੇ ਤੇ ਕਈ ਵਾਰ ਜੀਵ-ਪੰਛੀ ਬਣ ਕੇ ਅਕਾਸ਼ ਵਿਚ ਉੱਡਦੇ ਰਹੇ। ਬਹੁਤ ਵਾਰ ਦਰੱਖ਼ਤ ਬਣ ਕੇ ਮੇਰੀ ਜੀਵਾਤਮਾ ਦੁਨੀਆਂ ਵਿਚ ਵਿਚਰੀ। ਹੇ ਪਰਮਾਤਮਾ! ਹੁਣ ਆਵਾਗਵਨ ਦੇ ਚੱਕਰ ਤੋਂ ਬਚਣ ਲਈ, ਸੂਰਮੇ ਗੁਰ-ਪ੍ਰਮੇਸ਼ਰ ਦੀ ਸ਼ਰਨ ਵਿਚ ਆਏ ਆਪਣੇ ਸੇਵਕ ਜੈਤੇ ਨੂੰ ਸਦਾ ਲਈ ਸ਼ਰਨ ਵਿਚ ਰੱਖ ਲਵੋ॥ ੭ ॥ ੧੪ ॥

**ਦੋਹਿਰਾ:** *ਜਯਤਾ ਪ੍ਰਭੁ ਸਰਣਾਗਤੀ ਪੂਰਨ ਹੋਵਹਿ ਕਾਜ।*
*ਮੁਖ ਊਜਲ*[੬੧] *ਪਤਿ ਸਿਉ ਪਰਊਂ ਰਾਖੁ ਲੇਹੁ ਪ੍ਰਭੁ ਲਾਜ॥ ੧ ॥ ੧੫ ॥*

**ਅਰਥ :** ਹੇ ਪਰਮਾਤਮਾ! ਕ੍ਰਿਪਾ ਕਰੋ ਕਿ ਸ਼ਰਣ ਵਿਚ ਆਏ ਜੈਤੇ ਦਾ ਜੀਵਨ-ਮਨੋਰਥ ਸਫਲ ਹੋ ਜਾਵੇ ਅਤੇ ਉਹ ਸੁਰਖ਼ਰੂ ਹੋ ਕੇ ਸਤਿਕਾਰ ਸਹਿਤ ਅਕਾਲ ਪੁਰਖ ਦੇ ਦਰਬਾਰ ਵਿਚ ਜਾਵੇ॥ ੧ ॥ ੧੫ ॥

---

੫੮. ਜਲ ਦੇ ਜੀਵ, ਜਲਵਾਸੀ, ੫੯. ਪਾਣੀ, ੬੦. ਦਰੱਖ਼ਤ, ੬੧. ਸੁਰਖ਼ਰੂ।

# ਉਸਤਤਿ

*ਪ੍ਰਤਿਕ ਜੋਤ ਅਨਾਹਤ ਜੋ,*
*ਗੁਰ ਨਾਨਕ ਅੰਗਦ ਮਾਹਿ ਸਮਾਈ।*
*ਗੁਰੂ ਅੰਗਦ ਤਿਸ ਦ੍ਰਿਗ[੬੨] ਤੀਸਰ ਕੋ,*
*ਰਿਦ ਅਮਰਦਾਸ ਦੀਓ ਰੁਸਨਾਈ।*
*ਰਿਦ ਸਾਂਤ ਸੁ ਭਾਸਤ[੬੩] ਜੋਤਿ ਸੋਊ,*
*ਅਤਿ ਹਰਖ ਅਨੰਦ ਰਹਯੋ ਲਿਪਟਾਈ।*
*ਤਿਹ ਜੋਤਿ ਸਨਾਤਨ ਗੁਰ ਤੀਸਰੁ,*
*ਗੁਰੂ ਰਾਮ ਦਾਸ ਲਿਲਾਟ[੬੪] ਕਰਾਈ॥ ੧॥ ੧੬॥*

**ਅਰਥ :** ਪਰਮਾਤਮਾ ਦੇ ਪ੍ਰਤੱਖ ਗੁਰੂ ਨਾਨਕ ਦੇਵ ਜੀ ਦੀ ਜੋਤ ਗੁਰੂ ਅੰਗਦ ਦੇਵ ਜੀ ਦੇ ਹਿਰਦੇ ਵਿਖੇ ਸਮਾ ਗਈ। ਗੁਰੂ ਅੰਗਦ ਦੇਵ ਜੀ ਨੇ ਤੀਸਰੇ ਨੇਤ੍ਰ (ਗਿਆਨ) ਰਾਹੀਂ ਗੁਰੂ ਅਮਰਦਾਸ ਜੀ ਨੂੰ ਗਿਆਨ/ਪ੍ਰਕਾਸ਼ ਦਿੱਤਾ। ਸੁਖ-ਅਨੰਦ ਵਿਚ ਲਿਪਟੀ ਤੇ ਸ਼ਾਂਤਮਈ ਜਾਪਦੀ ਆਦਿ ਜੁਗਾਦਿ ਪ੍ਰਮੇਸ਼ਰ ਦੀ ਜੋਤ ਤੀਸਰੇ ਗੁਰੂ (ਅਮਰਦਾਸ) ਜੀ ਨੇ ਗੁਰੂ ਰਾਮਦਾਸ ਜੀ ਦੇ ਮਸਤਕ ਵਿਚ ਟਿਕਾ ਦਿੱਤੀ॥ ੧॥ ੧੬॥

*ਗੁਰੂ ਰਾਮਦਾਸ ਜਗੁ ਤਾਰਣ ਕੋ,[੬੫]*
*ਗੁਰੂ ਅਰਜਨੁ ਬਯਾ ਜਸੁ ਭਾਲ ਦਿਖਾਈ।*
*ਗੁਰੂ ਅਰਜਨੁ ਬੋਹਿਥ[੬੬] ਬਾਣੀ ਕੈ,*
*ਬੋਹਯੋ[੬੭] ਜਿਨ ਸੁਰ ਨਰ ਗਣ ਸਮੁਦਾਈ।*
*ਸਿਖਨ ਕਉ ਨਾਮੁ ਕਾ ਦਾਨ ਦੀਓ,*
*ਧੁਨਿ[੬੮] ਰਾਮ ਨਾਮੁ ਅਤਿ ਊਚ ਚਲਾਈ।*
*ਜਿਹ ਨੀਕ ਸੁਨੀ ਚਿਤ ਲਾਇ ਧੁਨੀ,*
*ਫੁਨ ਗਰਭ ਨਹਿ ਪਾਯੋ ਦੁਖਦਾਈ[੬੯] ॥ ੨॥ ੧੭॥*

**ਅਰਥ :** ਗੁਰੂ ਰਾਮਦਾਸ ਜੀ ਨੇ ਜਗਤ ਨੂੰ ਤਾਰਨ ਲਈ ਗੁਰੂ ਅਰਜਨ ਦੇਵ ਜੀ ਨੂੰ ਸ੍ਰੇਸ਼ਟ ਗੁਣਾਂ ਦੇ ਧਾਰਨੀ ਜਾਣ ਕੇ ਰੂਹਾਨੀਅਤ ਦੀ ਜੋਤ ਵਿਖਾ ਦਿੱਤੀ। ਬਾਣੀ ਕੇ ਬੋਹਿਥ ਗੁਰੂ ਅਰਜਨ ਦੇਵ ਜੀ ਨੇ ਦੇਵਤੇ, ਮਨੁੱਖ ਤੇ ਗਣ ਆਦਿ ਨੂੰ ਉੱਤਮ ਬਾਣ ਨਾਲ ਮੋਹ ਲਿਆ। ਸਿੱਖਾਂ ਨੂੰ ਨਾਮ-ਬਾਣੀ ਦੀ ਦਾਤ ਦੇ ਕੇ ਪਰਮਾਤਮਾ ਦੇ ਨਾਮ-ਸਿਮਰਨ ਦੀ ਧੁਨਿ ਉੱਚੀ ਕੀਤੀ ਭਾਵ ਪ੍ਰਚਾਰ ਕੀਤਾ। ਜਿਨ੍ਹਾਂ ਨੇ ਚੰਗੀ ਤਰ੍ਹਾਂ ਚਿੱਤ ਲਾ ਕੇ ਹਰਿ-ਸਿਮਰਨ ਦੀ ਅਵਾਜ਼ ਸੁਣੀ, ਫਿਰ ਉਨ੍ਹਾਂ ਨੂੰ ਦੁੱਖ ਦੇਣ ਵਾਲਾ ਜਨਮ-ਮਰਨ ਦਾ ਗੇੜ ਨਹੀਂ ਪਿਆ ਭਾਵ ਉਹ ਜੀਵਨ-ਮੁਕਤ ਹੋ ਗਏ॥ ੨॥ ੧੭॥

੬੨. ਨੇਤਰ, ੬੩. ਜਾਪਦੀ, ੬੪. ਮਸਤਕ, ੬੫. ਲਈ, ਵਾਸਤੇ, ੬੬. ਜਹਾਜ਼, ੬੭. ਮੋਹ ਲਿਆ, ੬੮. ਅਵਾਜ਼, ੬੯. ਦੁੱਖ ਦੇਣ ਵਾਲਾ।

*ਗੁਰੂ ਹਰਿ ਗੋਬਿੰਦ ਪ੍ਰਤਖ ਹਰੀ,*
*ਜਿਨ ਦੀਨ ਦੁਖੀ ਕੋ ਕਸਟ ਹਤਾਈ।*
*ਨਹਿ ਅੰਤ ਸਮੇਂ ਯਮ ਦੀਨ ਕੀਆ,*
*ਜਪਯੋ ਹਰਿ ਗੋਬਿੰਦ ਜਿਨਿ ਰਘੁਰਾਈ।*
*ਸੁਭ ਮਸਤ[20] ਨਿਹਾਰ[21] ਛਠਮ[22] ਗੁਰੁ ਕਾ,*
*ਮਨ ਪਾਇਸ ਸਾਂਤਿ ਰਿਦੈ ਰੁਸਨਾਈ।*
*ਬਡ ਬੀਰ ਔ ਸੰਤ ਮਹੰਤ ਗੁਰੂ,*
*ਧਰ ਧਰਮ ਕਰਮ ਕੀ ਪੈਜ ਰਖਾਈ॥ ੩॥ ੧੮॥*

ਅਰਥ : ਗੁਰੂ ਹਰਿਗੋਬਿੰਦ ਸਾਹਿਬ ਤਾਂ ਪ੍ਰਤੱਖ ਹਰਿ ਸਨ ਜਿਨ੍ਹਾਂ ਨੇ ਦੀਨ-ਦੁਨੀਆਂ ਦੇ ਦੁੱਖ/ਕਸ਼ਟ ਖ਼ਤਮ ਕੀਤੇ। ਅੰਤ ਸਮੇਂ ਉਸ ਨੂੰ ਜਮਾਂ ਨੇ ਦੁਖੀ ਨਹੀਂ ਕੀਤਾ, ਜਿਸ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸਿਮਰਿਆ ਹੈ। ਹੇ ਭਾਈ! ਛੇਵੇਂ ਗੁਰੂ ਦੇ ਸ਼ੁਭ ਮਸਤਕ ਦੇ ਦਰਸ਼ਨ ਕਰ ਕੇ ਮਨ ਸ਼ਾਂਤਿ-ਅਡੋਲ ਹੋ ਜਾਂਦਾ ਹੈ ਅਤੇ ਹਿਰਦੇ ਵਿਚ ਪਰਮਾਤਮਾ ਦਾ ਗਿਆਨ/ਪ੍ਰਕਾਸ਼ ਹੋ ਜਾਂਦਾ ਹੈ। ਸਤਿਗੁਰੂ ਜੀ ਬਹੁਤ ਮਹਾਨ ਜੋਧੇ ਤੇ ਸੰਤ ਸਨ ਜਿਨ੍ਹਾਂ ਨੇ ਆਸਰਾ ਦੇ ਕੇ ਧਰਮ-ਕਰਮ ਦੀ ਪੈਜ ਰੱਖੀ॥ ੩॥ ੧੮॥

*ਕਰ ਜੋਰ[23] ਬੰਦੋ[24] ਗੁਰੂ ਹਰਿ ਰਾਇ ਪ੍ਰਭ,*
*ਕਰਨ ਕਾਰਨ ਜਿਹ ਦੀਓ ਬਤਾਈ।*
*ਨਹਿ ਜੋਰ ਨਰਨ ਕਉ ਜੋਰਨਿ ਕਉ,*
*ਜਿਹ ਸੁਤ ਪ੍ਰਭੂ ਨਿਜ ਕਰ ਤਿਰਕਾਈ।*
*ਸਬ ਬਿਘਨ ਬਿਨਾਸ ਭਏ ਤਿਸ ਕੇ,*
*ਹਰਿ ਕ੍ਰਿਸ਼ਨ ਗੁਰੂ ਜਿਨ ਲੀਓ ਮਨਾਈ।*
*ਹਰਿ ਕ੍ਰਿਸ਼ਨ ਗੁਰੂ ਊਜਲ ਆਤਮ ਹਹਿਂ,*
*ਜਿਨ ਦਰਸ ਕੀਆ ਫਲ ਮੁਕਤੀ ਪਾਈ॥ ੪॥ ੧੮॥*

ਅਰਥ : ਹੇ ਪ੍ਰਭੂ! ਮੈਂ ਦੋਵੇਂ ਹੱਥ ਜੋੜ ਕੇ ਗੁਰੂ ਹਰਿ ਰਾਇ ਸਾਹਿਬ ਨੂੰ ਨਮਸਕਾਰ ਕਰਦਾ ਹਾਂ, ਜਿਨ੍ਹਾਂ ਨੇ ਸ੍ਰਿਸ਼ਟੀ ਦੇ ਸਿਰਜਨਹਾਰ ਪ੍ਰਮੇਸ਼ਰ ਬਾਰੇ ਗਿਆਨ ਕਰਵਾ ਦਿੱਤਾ। ਮਾਇਆ ਦਾ ਉਨ੍ਹਾਂ ਮਨੁੱਖਾਂ ਨੂੰ ਆਪਣੇ ਨਾਲ ਜੋੜ ਲੈਣ ਦਾ ਜ਼ੋਰ ਨਹੀਂ ਚੱਲਦਾ ਜਿਨ੍ਹਾਂ ਦੀ ਪ੍ਰੇਮ-ਖਿੱਚ ਪਰਮਾਤਮਾ ਨੇ ਆਪਣੇ ਹੱਥ ਵਿਚ ਲਈ ਹੋਈ ਹੈ। ਜੀਵਨ-ਮਨੋਰਥ ਦੀ ਪ੍ਰਾਪਤੀ ਵਿਚ ਆਉਣ ਵਾਲੀਆਂ ਰੁਕਾਵਟਾਂ ਖ਼ਤਮ ਹੋ ਗਈਆਂ, ਉਸ ਦੀਆਂ ਜਿਸ ਨੇ ਵੀ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਪ੍ਰਸੰਨ ਕਰ ਲਿਆ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਪਵਿੱਤਰ ਆਤਮਾ ਹਨ। ਜਿਸ ਨੇ ਵੀ ਉਨ੍ਹਾਂ ਦੇ ਸ਼ਰਧਾ/ਪ੍ਰੇਮ ਨਾਲ ਦਰਸ਼ਨ ਕਰ ਲਏ, ਉਸ ਨੇ ਹੀ ਮੋਖ ਪਦਵੀ ਦੀ ਦਾਤ ਪ੍ਰਾਪਤ ਕਰ ਲਈ॥ ੪॥ ੧੮॥

---

੨੦. ਮਸਤਕ, ੨੧. ਦੇਖਣਾ, ੨੨. ਛੇਵੇਂ, ੨੩. ਹੱਥ ਜੋੜ, ੨੪. ਬੰਦਨਾ।

ਗੁਰੂ ਤੇਗ ਬਹਾਦਰ ਸੁ ਜੋਤਿ ਅਮਰ,
ਭੀਰੁਨ[੭੫] ਤੇ ਭੀਰੁਨ ਕੈ ਰਿਦੈ ਜਗਾਈ।
ਤਿਹ ਬੋਧ[੭੬] ਦੀਆ ਨਰੁ ਨਾਰਨਿ[੭੭] ਕਉ,
ਪ੍ਰਲੋਕ ਔ ਲੋਕ ਸੁ ਸਮੁ[੭੮] ਸੁਖਦਾਈ।
ਨਹਿ ਰੰਚ[੭੯] ਕਲੇਸ ਕੀਆ ਮਨ ਮਹਿ,
ਉਪਦੇਸ ਕੀਓ ਜੋਊ ਕਰਤ ਦਿਖਾਈ।
ਯਾ ਬੋਧ ਉਪਾਵਨ ਹੇਤ ਸੁਨੋ,
ਗੁਰ ਨਵਮ[੮੦] ਭੇਟਾ ਸੀਸ ਝਰਾਈ॥ ੫॥ ੨੦॥

**ਅਰਥ :** ਗੁਰੂ ਤੇਗ਼ ਬਹਾਦਰ ਸਾਹਿਬ ਨੇ ਸਦੀਵੀ ਰਹਿਣ ਵਾਲੀ ਪ੍ਰਮੇਸ਼ਰ ਦੀ ਜੋਤ ਕਾਇਰਾਂ ਦੇ ਕਾਇਰਾਂ (ਡਰਪੋਕਾਂ) ਦੇ ਹਿਰਦੇ ਵਿਚ ਜਗਾ ਦਿੱਤੀ। ਉਹ ਗਿਆਨ/ਪ੍ਰਕਾਸ਼ ਮਨੁੱਖਾਂ, ਇਸਤਰੀਆਂ ਭਾਵ ਸੰਗਤ ਨੂੰ ਬਖ਼ਸ਼ਿਆ ਜੋ ਲੋਕ-ਪ੍ਰਲੋਕ ਵਿਚ ਬਰਾਬਰ ਸੁਖ ਦੇਣ ਵਾਲਾ ਹੈ। ਸਤਿਗੁਰੂ ਜੀ ਨੇ ਕਦੇ ਵੀ ਮਨ ਵਿਚ ਕਿਸੇ ਵੀ ਪ੍ਰਕਾਰ ਦਾ ਭੋਰਾ-ਜਿੰਨਾ ਚਿੰਤਾ-ਫ਼ਿਕਰ ਜਾਂ ਦੁੱਖ ਮਹਿਸੂਸ ਨਹੀਂ ਕੀਤਾ। ਕਥਨੀ-ਕਰਣੀ ਦੇ ਮਾਲਕ ਸਤਿਗੁਰੂ ਜੀ ਨੇ ਸੰਗਤ ਨੂੰ ਜੋ ਸ੍ਰੇਸ਼ਟ ਉਪਦੇਸ਼ ਦਿੱਤਾ, ਉਸ ਨੂੰ ਖ਼ੁਦ ਅਮਲੀ ਰੂਪ ਵਿਚ ਵੀ ਨਿਭਾਹਿਆ। ਹੇ ਭਾਈ! ਸਾਰੇ ਸੁਣੋ, ਅਗਿਆਨਤਾ ਦੇ ਘੁੱਪ ਹਨੇਰੇ ਵਿਚ ਫਸੀ ਲੋਕਾਈ ਦੇ ਹਿਰਦੇ ਵਿਚ ਧਰਮ ਦਾ ਗਿਆਨ ਪੈਦਾ ਕਰਨ ਹਿਤ ਨੌਵੇਂ ਗੁਰੂ ਜੀ ਨੇ ਆਪਣਾ ਪਾਵਨ ਸੀਸ ਪ੍ਰਭੂ-ਚਰਨਾਂ ਵਿਚ ਭੇਂਟ ਕਰ ਦਿੱਤਾ॥ ੫॥ ੨੦॥

ਗੋਬਿੰਦ ਗੁਰੂ ਸਮ ਅਵਤਾਰ ਨਹਿ,
ਚਹੁੰ ਜੁਗਨ ਮਹਿ ਹਰਿ ਜੁ ਪ੍ਰਗਟਾਈ।
ਜਿਨ ਤ੍ਰਿਣ[੮੧] ਅਗਾਸ ਕੀਏ ਖਿਨ ਮਹਿ,
ਅਗਾਸ[੮੨] ਕੀਏ ਜਿਨ ਧਰਨ ਲਗਾਈ।
ਜਿਨ ਨੀਚਹੁੰ ਊਚ ਕੀਏ ਛਿੰਨ[੮੩] ਮਹਿ,
ਫੁਨ ਊਚ ਔ ਨੀਚ ਨ ਰਹਯੋ ਕਿਥਾਈ।
ਜਿਨ ਦੀਨਨ ਕਾ ਅਤਿ ਹੇਤ ਕੀਆ,
ਔ ਦੁਸਟਨ ਕਉ ਜਿਨ ਖੇਤ ਰਹਾਈ॥ ੬॥ ੨੧॥

**ਅਰਥ :** ਹੇ ਭਾਈ! ਪਰਮਾਤਮਾ ਨੇ ਚਹੁੰ ਜੁੱਗਾਂ ਵਿਚ ਗੁਰੂ ਗੋਬਿੰਦ ਸਿੰਘ ਵਰਗਾ ਕੋਈ ਅਵਤਾਰ ਪੈਦਾ ਨਹੀਂ ਕੀਤਾ ਜਿਸ ਨੇ ਇਕ ਖਿਣ ਵਿਚ ਤੀਲੇ ਨੂੰ ਅਕਾਸ਼ ਵਿਚ ਤੇ ਅਕਾਸ਼ ਨੂੰ ਧਰਤੀ ਨਾਲ ਲਗਾ ਦਿੱਤਾ, ਜਿਸ ਨੇ ਥੋੜ੍ਹੇ ਸਮੇਂ ਵਿਚ ਹੀ ਨੀਂਵਿਆਂ ਨੂੰ ਉੱਚਿਆਂ ਕਰ ਦਿੱਤਾ ਤੇ ਫਿਰ ਕੋਈ ਉੱਚਾ-ਨੀਵਾਂ ਨਾ ਰਿਹਾ ਭਾਵ ਉੱਚੀ-ਨੀਵੀਂ

੭੫. ਕਾਇਰਾਂ, ਡਰਪੋਕਾਂ, ਗੀਦੀਆਂ, ੭੬. ਗਿਆਨ, ੭੭. ਇਸਤਰੀਆਂ ਨੂੰ, ੭੮. ਬਰਾਬਰ, ੭੯. ਰਤੀ ਭਰ, ਰੰਚਕ ਮਾਤਰ, ੮੦. ਨੌਂਵੇਂ, ੮੧. ਤੀਲੇ, ੮੨. ਅਕਾਸ਼, ੮੩. ਥੋੜ੍ਹਾ ਸਮਾਂ, ਖਿਨ।

ਜਾਤ-ਪਾਤ ਦਾ ਭਰਮ ਖ਼ਤਮ ਕਰ ਦਿੱਤਾ, ਜਿਸ ਨੇ ਗ਼ਰੀਬਾਂ, ਧਰਮੀਆਂ ਨਾਲ ਪਿਆਰ ਕੀਤਾ॥ ੬ ॥ ੨੧ ॥

*ਮ੍ਰਿਤਕ ਸੁਰਜੀਤ ਕੀਏ ਜਿਸ ਨੇ,*
*ਅਸਕਤ[੮੪] ਭੁਜਹਿੰ[੮੫] ਜਿਨ ਸਕਤੀ ਪਾਈ।*
*ਜਿਨ ਸਿੰਘ ਕੀਏ ਸ੍ਰਿਗਾਲ[੮੬] ਜਿਤੇ,*
*ਅਰ ਜੈ ਤੇਗੰ ਜੈ ਤੇਗੰ ਗਾਈ।*
*ਰਸ ਬੀਰ ਦੀਆ ਜਿਨ ਚਟਕਨ[੮੭] ਕਉ,*
*ਰਣ ਚਟਕਨ ਬਾਜਹਿ ਸਿਉਂ ਫਕਰਾਈ।*
*ਜੈ ਜੈ ਜੈ ਗੋਬਿੰਦ ਸਿੰਘ ਗੁਰੂ,*
*ਜੈ ਜੈ ਜੈ ਗੋਬਿੰਦ ਗੁਰ ਰਘੁਰਾਈ॥ ੭ ॥ ੨੨ ॥*

**ਅਰਥ :** ਜਿਸ ਨੇ ਮੁਰਦਿਆਂ ਨੂੰ ਜੀਵਨ ਦਿੱਤਾ ਤੇ ਬਲਹੀਣਾਂ ਦੀਆਂ ਬਾਹਾਂ ਵਿਚ ਸ਼ਕਤੀ ਭਰ ਦਿੱਤੀ, ਜਿਸ ਨੇ ਗਿੱਦੜਾਂ ਨੂੰ ਸ਼ੇਰ ਬਣਾ ਦਿੱਤਾ ਅਤੇ ਤਲਵਾਰ ਦੀ ਜੈ ਜੈ ਕਾਰ ਦੇ ਗੀਤ ਗਾਏ, ਜਿਸ ਨੇ ਚਿੜੀਆਂ ਨੂੰ ਬੀਰ ਰਸ ਦੀ ਦਾਤ ਬਖ਼ਸ਼ ਕੇ ਜੰਗ ਦੇ ਮੈਦਾਨ ਵਿਚ ਉਨ੍ਹਾਂ ਪਾਸੋਂ ਬਾਜ ਮਰਵਾ ਦਿੱਤੇ। ਗੁਰੂ ਗੋਬਿੰਦ ਸਿੰਘ ਜੀ ਦੀ ਜੈ ਜੈ ਕਾਰ ਹੈ। ਪਰਮੇਸ਼ਰ ਗੁਰੂ ਗੋਬਿੰਦ ਸਿੰਘ ਜੀ ਦੀ ਜੈ ਜੈ ਕਾਰ ਹੈ॥ ੭ ॥ ੨੨ ॥

*ਅਬ[੮੮] ਕਿਰਪਾ ਕਰਕੈ ਗੁਰ ਦੀਜਹਿ,*
*ਦਿਬ ਦ੍ਰਿਸਟਿ[੮੯] ਸਮ ਪੇਖਨ ਕੇਰੀ।*
*ਜਿਹ ਕਰਿ ਭੂਪਤਿ ਰੰਕ ਭਿਖਾਰੀ,*
*ਪਸ ਪਸੂ ਸਮਸਰ ਦ੍ਰਿਸਟੇਰੀ।*
*ਕੀਟ ਪਤੰਗ ਪਖਾਨ ਪਰਿੰਦ ਮਹਿ,*
*ਜੋਤ ਅਕਾਲ ਅਖੰਡ ਬਸੇਰੀ।*
*ਈਵ ਪਰਮ ਦੁਸਾਵਰ[੯੦] ਜੁ ਜਾਨਹੁੰ,*
*ਤਉ ਮਨਮੋਹਨ ਨਦਰਿ ਕਰੇ ਗੀ॥ ੮ ॥ ੨੩ ॥*

**ਅਰਥ :** ਹੇ ਪਰਮਾਤਮਾ! ਹੁਣ ਕਿਰਪਾ ਕਰਕੇ ਮੈਨੂੰ ਸਭ ਨੂੰ ਬਰਾਬਰ ਵੇਖਣ ਵਾਲੀ ਨਜ਼ਰ ਬਖ਼ਸ਼ ਦੇਵੋ ਜਿਸ ਨਾਲ ਰਾਜਾ, ਰੰਕ, ਭਿਖਾਰੀ ਤੇ ਪਸ਼ੂਆਂ ਵਿਚ ਵੱਸਦੀ ਤੇਰੀ ਜੋਤ ਬਰਾਬਰ ਨਜ਼ਰ ਆਵੇ। ਕੀੜੇ, ਪਤੰਗੇ, ਪੱਥਰ, ਪੰਛੀਆਂ ਆਦਿ ਵਿਚ ਨਿਰੰਤਰ ਵੱਸ ਰਹੀ ਅਕਾਲ ਪੁਰਖ ਦੀ ਜੋਤ ਨਜ਼ਰ ਆਵੇ। ਹੇ ਮਨ ਨੂੰ ਮੋਹਨ ਵਾਲੇ ਪ੍ਰਮੇਸ਼ਰ! ਜਿਸ ਨੂੰ ਵੀ ਮੈਂ ਔਖਾ ਸਮਝਾਂ, ਉਸ ਉੱਪਰ ਆਪਣੀ ਕ੍ਰਿਪਾ-ਦ੍ਰਿਸ਼ਟੀ ਕਰਨੀ ਜੀ॥ ੮ ॥ ੨੩ ॥

---

੮੪. ਕਮਜ਼ੋਰ, ੮੫. ਬਾਹਾਂ, ੮੬. ਗਿੱਦੜ, ੮੭. ਚਿੜੀਆਂ, ੮੮. ਹੁਣ, ੮੯. ਜਿਸ ਨਾਲ ਸਾਰੇ ਗੁਪਤ ਸਥਾਨ ਨਜ਼ਰ ਆਉਣ, ੯੦. ਔਖਾ।

ਦੋਹਿਰਾ: *ਸਤਿਗੁਰ ਜੁਗਤਿ ਲੜਾਇਕੈ ਗੁਰ ਸਿਖ ਲੇਤਿ ਸੰਮਾਲ।*
*ਅਵਗੁਣ ਕਢਿ ਸਦ ਗੁਣ ਭਰੇ ਬਿਖਮ*[੬੧] *ਘਾਲਣਾ ਘਾਲ॥ ੧॥ ੨੪॥*

ਅਰਥ : ਹੇ ਭਾਈ! ਸਤਿਗੁਰੂ ਜੀ ਜੁਗਤ ਨਾਲ ਗੁਰਸਿੱਖ ਦੀ ਸੰਭਾਲ ਕਰਦੇ ਹਨ ਅਤੇ ਉਸ ਦੇ ਅੰਦਰੋਂ ਔਗੁਣ ਕੱਢ ਕੇ ਸ਼ੁਭ ਗੁਣ ਭਰ ਕੇ ਖ਼ੁਦ ਕਠਿਨ ਘਾਲਣਾ ਘਾਲਦੇ ਹਨ॥ ੧॥ ੨੪॥

ਸਿਰਖੰਡੀ : *ਸੰਗਤਾ ਗੋਬਿੰਦ ਮੀਤ ਪਟਨਾ ਸਹਿਰ ਮਹਿ।*
*ਜਨ ਬਲ*[੬੨] *ਕ੍ਰਿਸਨ ਪ੍ਰੀਤ ਬਿੰਦਰਾ ਬਨ ਬਿਖੈ।*
*ਗੰਗਾ ਕੋ ਜਲ ਸੀਤ ਸਖਾ ਨਹਾਵਤੇ।*
*ਸੰਗ ਬਡਾ ਨਿਸ ਨੀਤ ਗੁਰ ਸੰਗਤੇ ਭਯੋ॥ ੧॥ ੨੫॥*

ਅਰਥ : ਗੁਰੂ ਗੋਬਿੰਦ ਸਿੰਘ ਜੀ ਤੇ ਭਾਈ ਸੰਗਤ ਸਿੰਘ ਜੀ ਪਟਨਾ ਸਾਹਿਬ ਵਿਖੇ ਮਿੱਤਰ ਸਨ। ਆਪਸ ਵਿਚ ਉਨ੍ਹਾਂ ਦਾ ਪ੍ਰੇਮ ਇਵੇਂ ਸੀ ਜਿਵੇਂ ਬਿੰਦਰਾਬਨ ਵਿਚ ਸ਼੍ਰੀ ਕ੍ਰਿਸ਼ਨ ਤੇ ਬਲਰਾਮ ਜੀ ਦਾ ਸੀ। ਗੰਗਾ ਦੇ ਠੰਡੇ ਜਲ ਵਿਚ ਇਕ ਸਾਥ ਨਹਾਉਂਦੇ। ਇਸ ਤਰ੍ਹਾਂ ਭਾਈ ਸੰਗਤ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪਿਆਰ/ਸੰਗ ਬਹੁਤ ਪ੍ਰਾਪਤ ਹੋਇਆ॥ ੧॥ ੨੫॥

*ਕੰਠਹਿ ਮਿਲਹਿਂ ਅਤੀਤ ਕੇ ਜਨ ਬਿਛੁਰੇ।*
*ਪੁਨ ਜਾਨਹਿਂ ਨਹਿਂ ਰੀਤ ਕਹਿਂ ਕੋ ਬਿਚਰਨੈ॥*
*ਬਿਦਿਆ ਗਹਿਂ ਪੁਨੀਤ ਗੁਰ ਸਤਿਕਾਰ ਤੇ।*
*ਤੀਰ ਤੁਫੰਗ ਸੁਮੀਤ ਇਨ ਕੇ ਹੋਇ ਰਹੇ॥ ੨॥ ੨੬॥*

ਅਰਥ : ਇੰਞ ਲੱਗਦਾ ਸੀ ਜਿਵੇਂ ਉਹ ਪਿਛਲੇ ਜਨਮ ਦੇ ਵਿੱਛੜੇ ਹੁਣ ਗਲ ਲੱਗ ਕੇ ਮਿਲੇ ਹੋਣ। ਫਿਰ ਉਨ੍ਹਾਂ ਨੇ ਗੁਰਮਤਿ ਦੇ ਉਲਟ ਕਿਸੇ ਵੀ ਰੀਤੀ-ਰਿਵਾਜ ਨੂੰ ਨਹੀਂ ਜਾਣਿਆ ਕਿ ਕਿੱਥੇ ਕਿਵੇਂ ਚੱਲਣਾ ਹੈ। ਸਤਿਕਾਰਯੋਗ ਗੁਰੂ ਜੀ ਪਾਸੋਂ ਉਨ੍ਹਾਂ ਨੇ ਸੱਚੀ-ਸੁੱਚੀ ਵਿੱਦਿਆ ਪ੍ਰਾਪਤ ਕੀਤੀ ਤੇ ਤੀਰ ਬੰਦੂਕ ਇਨ੍ਹਾਂ ਦੇ ਸੰਗੀ-ਸਾਥੀ ਬਣ ਗਏ॥ ੨॥ ੨੬॥

*ਬਿਦਿਆ ਗੀਤ ਸੰਗੀਤ ਗੁਰ ਜਨ ਤੇ ਗਾਇਂ।*
*ਸੀਖ ਲੀਏ ਦੰਡ ਨੀਤ ਗੁਰ ਸਮਰਥ ਤੇ।*
*ਖੇਲ ਕਰਹਿ ਜੁਧ ਜੀਤ ਮਨ ਮਹਿ ਧਾਰਿ ਕੈ।*
*ਪੁਨ ਦੰਡ ਦੇਹਿਂ ਅਨੀਤ ਜੋ ਜੁਧ ਮਹਿ ਕਰਹਿ॥ ੩॥ ੨੭॥*

ਅਰਥ : ਗੁਰੂ ਦੇ ਸਿੱਖ ਜੋ ਪ੍ਰਭੂ ਦੀ ਕੀਰਤੀ ਗਾਉਂਦੇ ਸਨ, ਉਨ੍ਹਾਂ ਪਾਸੋਂ ਗੀਤ-

---

੬੧. ਔਖਾ, ੬੨. ਬਲਰਾਮ (ਸ੍ਰੀ ਕ੍ਰਿਸ਼ਨ ਜੀ ਦੇ ਵੱਡੇ ਭਰਾ)

ਸੰਗੀਤ ਦੀ ਵਿੱਦਿਆ ਤੇ ਸਮਰੱਥ ਗੁਰੂ ਜੀ ਪਾਸੋਂ ਰਾਜਨੀਤੀ ਦੀ ਸਿੱਖਿਆ ਪ੍ਰਾਪਤ ਕਰ ਲਈ। ਗੁਰੂ ਜੀ ਜਿੱਤ ਨੂੰ ਮਨ ਵਿਚ ਧਾਰ ਕੇ ਯੁੱਧ ਲੜਨ ਦੀ ਖੇਡ ਖੇਡਦੇ ਅਤੇ ਜੋ ਯੁੱਧ-ਨੀਤੀ ਦੇ ਉਲਟ ਖੇਡਦਾ, ਉਸ ਨੂੰ ਦੰਡ ਦਿੰਦੇ॥ ੩॥ ੨੭॥

**ਕੁੰਡਲੀਆ :** *ਜਗ ਪੀਰਨ ਕੇ ਪੀਰ ਤੇ ਪਾਇਓ ਗੁਰ ਗੋਬਿੰਦ।*
*ਜਿਹ ਪਗ*[੯੩] *ਪਰਸੇ ਉਤਰੈ ਸਗਲੀ ਮਨ ਦੀ ਚਿੰਦ*[੯੪]।
*ਸਗਲੀ ਮਨ ਕੀ ਚਿੰਦ ਗਈ ਮਨ ਨਵਾਂ ਨਰੋਆ।*
*ਗੁਰ ਸਿਖਹਿੰ ਗੁਰ ਨਦਰਿ ਕਾ ਸਿਰ ਪਰ ਚੰਦੋਆ।*
*ਗੁਰ ਸਬਦਿ ਇਸਨਾਨ ਤੇ ਮਨ ਉਜਲ ਹੋਆ।*
*ਗੁਰ ਸਿਖ ਰਿਦ ਪ੍ਰਕਾਸ ਤੇ ਜਗ ਮਗ ਜਗ ਲੋਆ॥ ੧॥ ੨੮॥*

**ਅਰਥ :** ਹੇ ਭਾਈ! ਸੰਸਾਰ ਦੇ ਪੀਰਾਂ ਦੇ ਪੀਰ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਾਪਤ ਕੀਤਾ ਹੈ, ਜਿਸ ਦੇ ਪਾਵਨ ਚਰਨ ਪਰਸ ਲੈਣ ਨਾਲ ਮਨ ਤੋਂ ਸਾਰੀ ਚਿੰਤਾ ਲਹਿ ਜਾਂਦੀ ਹੈ। ਮਨ ਉੱਪਰੋਂ ਚਿੰਤਾ-ਅੰਦੇਸੇ ਦਾ ਬੋਝ ਲਹਿ ਜਾਣ ਕਰਕੇ ਮਨ ਨਵਾਂ-ਨਰੋਆ ਹੋ ਗਿਆ ਹੈ। ਹਮੇਸ਼ਾ ਗੁਰਸਿੱਖਾਂ ਦੇ ਸਿਰ ਉੱਪਰ ਗੁਰੂ ਬਖ਼ਸ਼ਸ਼ ਦਾ ਚੰਦੋਆ ਹੁੰਦਾ ਹੈ। ਹੇ ਭਾਈ! ਗੁਰੂ ਜੀ ਦੇ ਬਖ਼ਸ਼ੇ ਨਾਮ-ਸ਼ਬਦ ਨਾਲ ਇਸ਼ਨਾਨ ਕਰਕੇ ਮਨ ਸੁਰਖ਼ਰੂ ਹੋਇਆ ਹੈ। ਸਤਿਗੁਰੂ ਜੀ ਦਾ ਸ਼ਬਦ/ਉਪਦੇਸ਼ ਗੁਰਸਿੱਖ ਦੇ ਹਿਰਦੇ ਵਿਚ ਪ੍ਰਕਾਸ਼ ਕਰਦਾ ਹੈ ਤੇ ਸੰਸਾਰ ਵਿਚ ਉਸ ਦਾ ਪ੍ਰਕਾਸ਼ ਜਗਮਗਾਉਂਦਾ ਹੈ॥ ੧॥ ੨੮॥

---

੯੩. ਚਰਨ, ੯੪. ਚਿੰਤਾ

# ਚਿਤ੍ਰ ਕਲਗੀਧਰ ਜੀ ਕਾ

ਕਬਿਤ : ਪਾਤਸਾਹ ਦਿਆਲ ਪੁੰਜ ਸਿਖਨ ਬਿਸਾਲ,
ਮਾਨੋ ਅੰਬਰ ਮਹਿ ਸਸਿ[੧] ਤਾਰਾਗਣ[੨] ਮਹਿ ਸੁਹਾਤ ਹੈਂ।
ਕਚ[੩] ਲਾਂਬੇ ਘਨੇ[੪] ਕੇਸੋਂ ਪਰ ਕੇਸਕੀ ਬਿਸੇਸ ਫੁਨ,
ਸੀਸ ਦਸਤਾਰ ਮੁਖ ਅਤਿ ਸੋਭਾ ਪਾਤ ਹੈਂ।
ਭਾਲ[੫] ਗਜ[੬] ਕੈ ਸਮਾਨ ਸੋਹੇਂ ਭ੍ਰਿਕੁਟੀ[੭] ਮਹਾਨ,
ਦ੍ਰਿਗ[੮] ਸੁੰਦਰ ਸਰੋਜ ਨਾਕ ਕਾਨ ਮਨ ਭਾਤ ਹੈਂ।
ਸਥਲ ਕਮਲ ਕਪੋਲ ਗੁਲਾਨਾਰੀ ਮੁਖ ਗੋਲ,
ਸਮਸ੍ਰ ਮੁਛ ਸਸਿ ਘੇਰੇ ਜਨ ਹਿਮ ਦੰਤ ਪਾਤਿ ਹੈਂ॥ ੧॥ ੨੯॥

**ਅਰਥ :** ਦਇਆ ਦੇ ਪੁੰਜ ਦਸਵੇਂ ਪਾਤਸ਼ਾਹ ਦੀ ਸਿੱਖਾਂ ਵਿਚ ਏਨੀ ਵਿਸ਼ਾਲ ਸੋਭਾ ਸੀ ਜਿਵੇਂ ਅਸਮਾਨ ਵਿਚ ਚਮਕਦੇ ਤਾਰਿਆਂ ਵਿਚ ਚੰਦਰਮਾ ਸੋਭਦਾ ਹੈ। ਕਾਲੇ ਲੰਮੇ ਤੇ ਸੰਘਣੇ ਕੇਸਾਂ ਉੱਪਰ ਕੇਸਕੀ ਫਿਰ ਸੁਹਣੇ ਸੀਸ 'ਤੇ ਸਜਾਈ ਦਸਤਾਰ ਹੋਣ ਕਰਕੇ ਮੁਖੜਾ ਬਹੁਤ ਸੋਭਾ ਪਾ ਰਿਹਾ ਹੈ। ਮਸਤਕ ਹਾਥੀ ਦੇ ਮੱਥੇ ਵਾਂਗ ਚੌੜਾ, ਬਹੁਤ ਸੁਹਣੇ ਲੱਗਦੇ ਭਰਵੱਟੇ, ਕੰਵਲ ਵਰਗੇ ਨੈਣ, ਨੱਕ ਤੇ ਕੰਨ ਮਨ ਨੂੰ ਬਹੁਤ ਚੰਗੇ ਲੱਗਦੇ ਹਨ। ਗੁਲਾਨਾਰੀ ਕੰਵਲ ਵਰਗਾ ਸੁੰਦਰ ਮੁਖੜਾ, ਦਾੜ੍ਹੀ-ਮੁੱਛਾਂ ਚੰਦਰਮਾਂ ਦੇ ਘੇਰੇ ਵਾਂਗ ਅਤੇ ਬਰਫ਼ ਵਰਗੇ ਚਿੱਟੇ ਦੰਦ ਸੋਭਾ ਪਾ ਰਹੇ ਹਨ॥ ੧॥ ੨੯॥

ਛਬਿ ਰੂਪ ਕੀ ਅਨੂਪ ਜਨ ਅੰਬਰਹਿੰ ਕੈ ਭੂਪ,[੯]
ਦ੍ਰਿਗ ਕੰਜ[੧੦] ਸੀਰ ਬੋਲ ਨਵਜੋਵਨ ਲੁਭਾਤ ਹੈਂ।
ਅਤਿ ਸੁੰਦਰ ਸੁਕੰਧ ਕੰਠ ਸੋਹੈ ਸ੍ਰੀਕੰਠ,
ਦੰਡ ਭੁਜਨ ਅਖੰਡ ਸੁੰਡ ਗਜ[੧੧] ਭਰਮਾਤ ਹੈਂ।
ਅਤਿ ਪੀਨ[੧੨] ਘਨ ਹਸਤ ਔਰ ਅੰਗੁਲ[੧੩] ਅੰਗੁਸਟ,[੧੪]
ਪ੍ਰਤਿਦਵੰਧੀ[੧੫] ਸੁ ਨਿਹਾਰ ਅਤਿ ਬਰੋ ਭਯ ਖਾਤ ਹੈਂ।
ਉਰਿ ਉਤਮ ਬਿਸਾਲ ਘਨ ਪੀਨ ਉਰੂ[੧੬] ਪਾਲ,
ਪਗ ਪੰਕਜ ਨਿਹਾਲ ਫੁਲਰਾਜੀ ਨਖਨਾਤ[੧੭] ਹੈਂ॥ ੨॥ ੩੦॥

---

੧. ਚੰਦਰਮਾ, ੨. ਤਾਰਿਆਂ ਦਾ ਝੁੰਡ, ੩. ਕਾਲੇ, ੪. ਸੰਘਣੇ, ੫. ਮੱਥਾ, ੬. ਹਾਥੀ, ੭. ਭਰਵੱਟੇ, ੮. ਨੇਤਰ, ੯. ਰਾਜਾ, ੧੦. ਕੰਵਲ, ੧੧. ਹਾਥੀ ਦੀ ਸੁੰਡ, ੧੨. ਮਜ਼ਬੂਤ, ਮੋਟਾ, ਭਾਰਾ, ੧੩. ਉਂਗਲਾਂ, ੧੪. ਅੰਗੂਠਾ, ੧੫. ਵਿਰੋਧੀ, ਦੁਸ਼ਮਣ, ੧੬. ਪੱਟ, ੧੭. ਪ੍ਰਸੰਨ।

ਅਰਥ : ਗੁਰੂ ਜੀ ਦੇ ਸਰੂਪ ਦੀ ਦਿੱਖ ਉਪਮਾ ਰਹਿਤ ਹੈ ਭਾਵ ਬੇਮਿਸਾਲ ਹੈ ਜਿਵੇਂ ਉਹ ਅੰਬਰਾਂ ਦੇ ਰਾਜੇ ਹੋਣ। ਗੁਰੂ ਜੀ ਦੇ ਕੰਵਲ ਨੈਣ, ਮਿੱਠੇ ਬੋਲ ਤੇ ਜਵਾਨੀ ਮਨ ਨੂੰ ਬਹੁਤ ਮੋਂਹਦੇ ਹਨ। ਬਹੁਤ ਸੁੰਦਰ ਮੋਢੇ, ਚੰਦਨ ਵਰਗੀ ਗਰਦਨ ਤੇ ਹਾਥੀ ਦੀ ਸੁੰਡ ਵਰਗੀਆਂ ਮਜ਼ਬੂਤ ਬਾਹਾਂ ਹਨ। ਲੋਹੇ ਵਰਗੇ ਮਜ਼ਬੂਤ ਹੱਥ, ਉਂਗਲਾਂ ਤੇ ਅੰਗੂਠੇ ਵੇਖ ਕੇ ਦੁਸ਼ਮਣ ਬੜਾ ਭੈ ਖਾਂਦੇ ਹਨ। ਉੱਤਮ ਤੇ ਵਿਸ਼ਾਲ ਚਿੱਤ ਵਾਲੇ ਪਾਲਣਹਾਰ ਸਤਿਗੁਰੂ ਜੀ ਦੇ ਅਹਿਰਣ ਵਰਗੇ ਮਜ਼ਬੂਤ ਪੱਟ ਤੇ ਕਮਲਾਂ ਵਰਗੇ ਚਰਨ ਵੇਖ ਕੇ ਫੁੱਲਾਂ ਦਾ ਰਾਜਾ ਬਹੁਤ ਪ੍ਰਸੰਨ ਹੁੰਦਾ ਹੈ॥ ੨ ॥ ੩੦ ॥

*ਉਰੂ ਦੂਬਰ[੧੮] ਤਨ ਪੀਨ ਕਰੁਣਾਮਯ ਪ੍ਰਬੀਨ,*
*ਮਿਤਹਿਂ ਕੂਮਲ ਕਲਾਮ ਅਤਿ ਅਰਨ[੧੯] ਡਰਾਇ ਹੈਂ।*
*ਗੁਰੂ ਪੀਰਨ ਕੇ ਪੀਰ ਅਤਿ ਜੋਵਨੀਯ ਸਰੀਰ,*
*ਜਿਹ ਨੈਨਨ ਕਟਾਖ[੨੦] ਤੇ ਅਰਨ ਖੈ ਜਾਇ ਹੈਂ।*
*ਬਡੇ ਬਡੇ ਭਟ ਬੀਰ ਲੇ ਤੁਫੰਗਨ[੨੧] ਔ ਤੀਰ,*
*ਨਹਿ ਆਏਂ ਸੰਮੁਖ[੨੨] ਮਧੇ ਖੇਤ ਭਗ ਜਾਏ ਹੈਂ।*
*ਘਨਘੋਰ[੨੩] ਯੁਧਵਾਣੀ ਯਮ ਸੈਨ ਸਤ੍ਰਾਨੀ*
*ਪਿਕ ਕੂਮਲ ਸੁ ਵਾਕ ਗੁਰ ਸਿਖਨ ਸੁਹਾਇ ਹੈਂ॥ ੩ ॥ ੩੧ ॥*

ਅਰਥ : ਗੁਰੂ ਜੀ ਦੇ ਪੱਟ ਪਤਲੇ ਤੇ ਸਰੀਰ ਪਤਲਾ ਹੈ। ਸਤਿਗੁਰੂ ਜੀ ਮਿੱਤਰਾਂ ਨਾਲ ਬਹੁਤ ਕਿਰਪਾਲਤਾ ਭਰੇ ਕੋਮਲ ਬਚਨ ਬੋਲਦੇ ਹਨ ਤੇ ਉਨ੍ਹਾਂ ਦਾ ਸਰੀਰ ਬੜੇ ਜੋਬਨ ਵਾਲਾ ਹੈ। ਉਨ੍ਹਾਂ ਦੇ ਨੈਣਾਂ ਦੀ ਟੇਢੀ ਨਜ਼ਰ ਨਾਲ ਦੁਸ਼ਮਣ ਭਸਮ ਹੋ ਜਾਂਦੇ ਹਨ। ਵੱਡੇ-ਵੱਡੇ ਜੋਧੇ ਹੱਥ ਵਿਚ ਬੰਦੂਕ ਤੇ ਤੀਰ ਲੈ ਕੇ ਵੀ ਗੁਰੂ ਜੀ ਦੇ ਸਾਹਮਣੇ ਜੰਗ ਦੇ ਮੈਦਾਨ ਵਿਚ ਨਹੀਂ ਆਉਂਦੇ ਸਗੋਂ ਰਣ ਛੱਡ ਕੇ ਭੱਜ ਜਾਂਦੇ ਹਨ। ਗੁਰੂ ਜੀ ਦੀ ਬੱਦਲ ਵਾਂਗ ਗਰਜਵੀਂ ਯੁੱਧ-ਬਾਣੀ ਦੁਸ਼ਮਣ ਦੀ ਫ਼ੌਜ ਵਾਸਤੇ ਕਾਲ ਹੈ ਅਤੇ ਗੁਰੂ ਜੀ ਦੇ ਕੋਮਲ ਤੇ ਸ੍ਰੇਸ਼ਟ ਬਚਨ ਗੁਰਸਿੱਖਾਂ ਨੂੰ ਬੜੇ ਚੰਗੇ ਲੱਗਦੇ ਹਨ॥ ੩ ॥ ੩੧ ॥

*ਖਿਮਾ ਕਰੁਣਾ[੨੪] ਕੈ ਪੁੰਜ ਦੁਖ ਦੀਨਨ ਹਰਨ,[੨੫]*
*ਜੁਧ ਬੁਧਿ ਔ ਬਿਬੇਕ ਮੁਖ ਚਾਰ ਗੁਣ ਪਾਇ ਹੈਂ।*
*ਮੰਦ ਮੰਦ[੨੬] ਮੁਸਕਾਨ ਪੁੰਜ ਸਿੰਘਨ ਦੀਵਾਨ,*
*ਜਨ ਧਰ[੨੭] ਪ੍ਰਤਿਪਾਲ ਧਰ ਪਾਲ ਹਰਖਾਇ ਹੈਂ।*
*ਦ੍ਰਿਗ ਸਿੰਧੁ ਸੋਂ ਗੰਭੀਰ ਮਨ ਧਰਨੀ ਸੋਂ ਧੀਰ,[੨੮]*
*ਜੀਵਨ ਸਿੰਘ ਪ੍ਰਭੰਜਨ ਪ੍ਰੇਮ ਬਸ ਆਇ ਹੈਂ।*

---

੧੮. ਪਤਲਾ, ੧੯. ਦੁਸ਼ਮਣ, ੨੦. ਤਿੱਖੀ, ਟੇਢੀ, ੨੧. ਬੰਦੂਕ, ੨੨. ਸਾਹਮਣੇ, ੨੩. ਗਰਜਵੀਂ, ੨੪. ਦਇਆ, ੨੫. ਦੂਰ ਕਰਨ ਵਾਲੇ, ੨੬. ਹੌਲੀ-ਹੌਲੀ, ੨੭. ਧਰਤੀ, ੨੮. ਧੀਰਜ।

*ਨਮੋ ਨਮੋ ਮ੍ਰਿਗਿੰਦ[29] ਨਮੋ ਸਿੰਘਨ ਕੈ ਸਿੰਘ*
*ਨਮੋ ਨਮੋ ਭੂਲਨੀਸ ਮਧੁ ਪਾਵਲਿ ਲੁਭਾਇ ਹੈਂ॥ ੪ ॥ ੩੨ ॥*

**ਅਰਥ :** ਖਿਮਾ ਦਇਆ ਦੇ ਪੁੰਜ, ਦੁਖੀਆਂ ਦੇ ਦੁੱਖ ਦੂਰ ਕਰਨ ਵਾਲੇ ਯੁੱਧ, ਬੁਧਿ ਤੇ ਗਿਆਨ/ਸਿਆਣਪ ਆਦਿ ਮੁਖ ਚਾਰ ਗੁਣ ਗੁਰੂ ਜੀ ਵਿਚ ਹਨ। ਸਿੰਘਾਂ ਦੇ ਦੀਵਾਨ ਵਿਚ ਸਤਿਗੁਰੂ ਜੀ ਹੌਲੀ-ਹੌਲੀ ਮੁਸਕਰਾਉਂਦੇ ਹਨ ਜਿਵੇਂ ਧਰਤੀ ਦਾ ਪਾਲਣਹਾਰ ਧਰਤੀ ਨੂੰ ਪਾਲਦਿਆਂ ਪ੍ਰਸੰਨ ਹੁੰਦਾ ਹੈ। ਜਿਸ ਸਤਿਗੁਰੂ ਜੀ ਦੇ ਨੇਤਰ ਸਮੁੰਦਰ ਵਾਂਗ ਗੰਭੀਰ ਤੇ ਮਨ ਧਰਤੀ ਵਾਂਗ ਧੀਰਜਵਾਨ ਹੈ, ਜੀਵਨ ਸਿੰਘ ਉਸ ਦੇ ਪ੍ਰੇਮ-ਪ੍ਰਚੰਡ ਦੇ ਵੱਸ ਵਿਚ ਹੈ। ਹਿਰਨਾਂ ਦੇ ਰਾਜੇ ਸ਼ੇਰ ਤੇ ਸ਼ੇਰਾਂ ਦੇ ਸ਼ੇਰ ਗੁਰੂ ਜੀ ਨੂੰ ਮੇਰੀ ਨਮਸਕਾਰ ਹੈ। ਜਿਵੇਂ ਭੌਰਾ ਫੁੱਲਾਂ ਵਿੱਚੋਂ ਸੁਗੰਧ/ਸ਼ਹਿਦ ਪਾਉਣ ਲਈ ਲੋਭਿਤ ਰਹਿੰਦਾ ਹੈ, ਤਿਵੇਂ ਮੈਂ ਸਤਿਗੁਰੂ ਜੀ ਦੇ ਚਰਨਾਂ 'ਤੇ ਨਮਸਕਾਰ ਕਰਦਾ ਹਾਂ॥ ੪ ॥ ੩੨ ॥

*ਸੂਰਨ ਸੂਰਾਨੀ ਛਬਿ ਨੂਰਨ ਨੂਰਾਨੀ ਦਿਖ,*
*ਕਰਨ ਕਾਰਨ ਗੁਰੂ ਮੇਰੇ ਮਨ ਭਾਇ ਹੈਂ।*
*ਸਾਹਿਨ ਕੇ ਸਾਹੁ ਅਰ ਪੀਰਨ ਕੇ ਪੀਰ ਗੁਰੂ,*
*ਦੇਖ ਕੇ ਦਰਸ ਸਿਖ ਤ੍ਰਿਪਤ ਅਘਾਇ[30] ਹੈਂ।*
*ਧਰਨੀ ਧਰਨ ਅਰ ਨਭੁ[31] ਪ੍ਰਕਾਸ ਪ੍ਰਭੁ,*
*ਬੀਰਨ ਕੇ ਬੀਰ ਨਿਜ ਦਰ ਪੇ ਝੁਕਾਇ ਹੈਂ।*
*ਤੇਗਨ ਕੇ ਤੇਜ ਅਰ ਤੀਰਨ ਕੇ ਚੋਂਚ ਸੰਗ,*
*ਸੋਈ ਹੁਈ ਹਿੰਦ ਕੋ ਜਗਾਨੇ ਪ੍ਰਭੁ ਆਇ ਹੈਂ॥ ੫ ॥ ੩੩ ॥*

**ਅਰਥ :** ਕਰਨ-ਕਾਰਨ ਸਤਿਗੁਰੂ ਜੀ ਮੇਰੇ ਮਨ ਨੂੰ ਬਹੁਤ ਚੰਗੇ ਲੱਗਦੇ ਹਨ। ਉਨ੍ਹਾਂ ਦੀ ਛਬੀ ਸੂਰਮਿਆਂ ਦੇ ਸੂਰਮੇ ਵਾਲੀ ਤੇ ਚਿਹਰੇ ਦੇ ਨੂਰ ਦੀ ਦਿੱਖ ਜਯੋਤਿ ਰੂਪ ਹੈ। ਗੁਰੂ ਜੀ ਸ਼ਾਹਾਂ ਦੇ ਸ਼ਾਹ ਤੇ ਪੀਰਾਂ ਦੇ ਪੀਰ ਹਨ ਜਿਨ੍ਹਾਂ ਦੇ ਦਰਸ਼ਨ ਕਰਕੇ ਸਿੱਖ ਬਹੁਤ ਤ੍ਰਿਪਤ ਹੁੰਦੇ ਹਨ। ਧਰਤੀ ਨੂੰ ਧਾਰਨ ਕਰਨ ਵਾਲੇ ਤੇ ਅਕਾਸ਼ ਵਿਚ ਪ੍ਰਕਾਸ਼ ਕਰਨ ਵਾਲੇ ਗੁਰ-ਪ੍ਰਮੇਸ਼ਰ ਨੇ ਵੱਡੇ-ਵੱਡੇ ਜੋਧਿਆਂ ਦੇ ਜੋਧੇ ਆਪਣੇ ਦਰ ਭਾਵ ਚਰਨਾਂ 'ਤੇ ਨਿਵਾਏ ਹੋਏ ਹਨ। ਸਤਿਗੁਰੂ ਜੀ ਸੁਤੀ ਹੋਈ ਹਿੰਦ ਨੂੰ ਤਲਵਾਰ ਦੇ ਤੇਜ-ਪ੍ਰਤਾਪ ਤੇ ਤੀਰਾਂ ਦੀ ਨੋਕ/ਚੁੰਝ ਨਾਲ ਜਗਾਉਣ ਵਾਸਤੇ ਆਏ ਹਨ॥ ੫ ॥ ੩੩ ॥

*ਆਨੰਦ ਸਰੂਪ ਗੁਰੂ ਗੋਬਿੰਦ ਸਮਾਨ ਸਖੀ,*
*ਦਾਨੀ ਦਾਤਾ ਜਤੀ ਕੋਊ ਦੂਸਰਾ ਨ ਪਾਊਂ ਹੂੰ।*
*ਤੀਰ ਤਰਵਾਰ ਖੰਡਾ ਖੜਗ ਕੈ ਧਾਰਣੀ ਕਉ,*
*ਤਬਰ ਬੰਦੂਕ ਨੇਜਾ ਢਾਲ ਪਹਿਨਾਊਂ ਹੂੰ।*

---

੨੯. ਹਿਰਨਾਂ ਦਾ ਰਾਜਾ (ਸ਼ੇਰ), ੩੦. ਤ੍ਰਿਪਤ ਹੋ ਕੇ, ੩੧. ਅੰਬਰ, ਅਕਾਸ਼, ਖਗੋਲ

*ਚਰਨ ਸਰਨ ਜਬ ਆਇ ਕੋਊ ਦੀਨ ਦੁਖੀ,*
*ਦੁਖੀ ਕੈ ਮਾਨਿੰਦ[32] ਦੁਖੀ ਪ੍ਰਭ ਜੀ ਕਉ ਪਾਊਂ ਹੂੰ।*
*ਦੂਖ ਕੈ ਨਿਵਾਰਨਹਿ ਕਉ ਪ੍ਰਭੂ ਜੁ ਚਲਤ ਜਬਹਿੰ,*
*ਨਾਗਰ ਨਗਾਰਹਿ ਤਬਹਿ ਚੋਟ ਹਉਂ ਲਗਾਊਂ ਹੂੰ॥ ੬॥ ੩੪॥*

**ਅਰਥ :** ਆਨੰਦ ਸਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰ ਦਾ ਕੋਈ ਹੋਰ ਸਖ਼ੀ ਦਾਨੀ, ਦਾਤਾ ਤੇ ਜਤੀ ਸੰਸਾਰ ਵਿਚ ਨਹੀਂ ਵੇਖਿਆ। ਗੁਰੂ ਜੀ ਤੀਰ, ਤਲਵਾਰ, ਖੰਡਾ, ਖੜਗ, ਤਬਰ ਤੇ ਬੰਦੂਕ ਆਦਿ ਪਹਿਨਦੇ ਹਨ। ਜਦੋਂ ਕੋਈ ਦੀਨ-ਦੁਖੀ ਚਰਨ ਸ਼ਰਨ ਵਿਚ ਆਉਂਦਾ ਹੈ ਤਾਂ ਗੁਰੂ ਜੀ ਉਸ ਦੇ ਦੁੱਖ ਨੂੰ ਮਹਿਸੂਸ ਕਰਦੇ ਹਨ। ਦੁਖੀਆਂ ਦੇ ਦੁੱਖ ਦੂਰ ਕਰਨ ਵਾਸਤੇ ਜਦੋਂ ਸਤਿਗੁਰੂ ਜੀ ਜਾਂਦੇ ਹਨ ਤਾਂ ਉਸ ਵੇਲੇ ਮੈਂ ਨਗਾਰਚੀ ਨਗਾਰੇ ਉੱਪਰ ਚੋਟ ਲਗਾਉਂਦਾ ਹਾਂ॥ ੬॥ ੩੪॥

**ਸਵੈਯਾ :** *ਅਤਿ ਧੈਰਜਵੰਤ[33] ਉਦਾਰ ਬਡੋ ਗੁਰੂ,*
*ਗੋਬਿੰਦ ਸਿੰਘ ਸਮਾਨ ਨਹਿੰ ਪਾਯੋ।*
*ਉਰ[34] ਮਹਿੰ ਸਤਯ ਦਯਾ ਛਿਮਾ ਮਨ ਮਹਿੰ,*
*ਕਰ[35] ਤੇਗ ਜਿਨਿ ਮੁਖ ਨਾਮੁ ਅਲਾਯੋ।*
*ਮੋਹ ਮਾਤਸਰੰ[36] ਅਹੰਕਾਰ ਲੋਭ ਮਦ,*
*ਨਿਰਵੈਰ ਗੁਰੂ ਕੈ ਨਿਕਟ ਨ ਆਯੋ।*
*ਪੇਖਤ ਅਰਿ ਮੀਤ ਬਨੈ ਜਿਨ ਕੈ,*
*ਫੁਨ ਮੀਤ ਸੋ ਗੋਬਿੰਦ ਨਾਮ ਦ੍ਰਿੜਾਯੋ॥ ੧॥ ੩੫॥*

**ਅਰਥ :** ਬਹੁਤ ਧੀਰਜਵਾਨ ਤੇ ਵੱਡੇ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਬਰਾਬਰ ਕੋਈ ਹੋਰ ਨਹੀਂ ਵੇਖਿਆ ਜਿਸ ਨੇ ਹਿਰਦੇ ਵਿਚ ਸਤਿ, ਮਨ ਵਿਚ ਦਇਆ, ਖਿਮਾ, ਹੱਥ ਵਿਚ ਤਲਵਾਰ ਲੈ ਕੇ ਮੁਖੋਂ ਪਰਮਾਤਮਾ ਦਾ ਨਾਮ ਜਪਿਆ ਹੋਵੇ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਵੈਰੀ/ਦੁਸ਼ਮਣ ਗੁਰੂ ਜੀ ਦੇ ਨੇੜੇ ਨਹੀਂ ਆਉਂਦੇ। ਜਿਨ੍ਹਾਂ ਦੇ ਦਰਸ਼ਨ ਕਰਕੇ ਦੁਸ਼ਮਣ ਵੀ ਮਿੱਤਰ ਬਣ ਗਏ ਤੇ ਫਿਰ ਉਨ੍ਹਾਂ ਮਿੱਤਰਾਂ ਗੋਬਿੰਦ-ਪ੍ਰਭੂ ਦਾ ਨਾਮ ਹਿਰਦੇ ਵਿਚ ਦ੍ਰਿੜ੍ਹ ਕਰ ਲਿਆ॥ ੧॥ ੩੫॥

*ਮਨ ਇਛਤ ਸੋ ਫਲ ਪਾਇਤ ਹੈ ਨਰ,*
*ਜੋ ਗੁਰ ਗੋਬਿੰਦ ਸਰਣ ਪਰੇ ਹੈਂ।*
*ਜੋ ਜੁਧ ਕੋ ਇਛਤ ਆਇਤ ਹੈਂ,*
*ਤਿਹ ਸਰਨ ਪਰੇ ਹੈਂ ਕੈ ਜੂਝ ਮਰੇ ਹੈਂ।*
*ਨਹਿੰ ਗੋਬਿੰਦ ਜੈਸ ਬਲੀ ਧਰ ਪੈ,*

---

੩੨. ਵਾਗੂੰ, ੩੩. ਧੀਰਜਵਾਨ, ੩੪. ਹਿਰਦਾ, ੩੫. ਹੱਥ, ੩੬. ਈਰਖਾ, ਕਾਮ

*ਜਿਹਿ ਚਟਕਨ ਬਾਜਹਿ ਸੰਗ ਲਰੇ ਹੈਂ।*
*ਨਹਿ ਬਰਨ ਸਕਹੂੰ ਮਹਿਮਾ ਗੁਰ ਕੀ,*
*ਜੋਇ ਹੋਰ ਤੇ ਹੋਰ ਤੇ ਹੋਰ ਪਰੇ ਹੈਂ॥ ੨॥ ੩੬॥*

**ਅਰਥ :** ਉਹ ਮਨੁੱਖ ਮਨ ਇੱਛੇ ਫਲ ਪ੍ਰਾਪਤ ਕਰਦੇ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਣ ਆ ਪਏ ਹਨ। ਜੋ ਮਨ ਵਿਚ ਗੁਰੂ ਜੀ ਨਾਲ ਯੁੱਧ ਲੜਨ ਦੀ ਇੱਛਾ ਲੈ ਕੇ ਆਉਂਦੇ, ਉਹ ਦਰਸ਼ਨ ਕਰਕੇ ਗੁਰੂ ਜੀ ਦੀ ਸ਼ਰਨੀਂ ਪੈ ਜਾਂਦੇ ਤੇ ਕਈ ਜੰਗ ਦੇ ਮੈਦਾਨ ਵਿਚ ਲੜਦੇ ਮਾਰੇ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਵਰਗਾ ਦੁਨੀਆਂ 'ਤੇ ਕੋਈ ਸੂਰਮਾ ਨਹੀਂ ਜਿਸ ਦੀਆਂ ਚਿੜੀਆਂ ਬਾਜਾਂ ਨਾਲ ਲੜੀਆਂ ਹਨ। ਮੈਂ ਗੁਰੂ ਜੀ ਦੀ ਮਹਿਮਾ ਦਾ ਵਰਣਨ ਨਹੀਂ ਕਰ ਸਕਦਾ, ਕਿਉਂਕਿ ਉਨ੍ਹਾਂ ਦੀ ਮਹਿਮਾ ਪਰ੍ਹੇ ਤੋਂ ਪਰ੍ਹੇ ਹੈ ਭਾਵ ਕਹੀ/ਕਥੀ ਨਹੀਂ ਜਾ ਸਕਦੀ॥ ੨॥ ੩੬॥

**ਦੋਹਿਰਾ :** *ਗੁਰ ਅੰਮ੍ਰਿਤ ਬਖਸਿੰਦ ਹੈ ਅਤਿ ਨੀਚਹਿ ਬਿਖਿਆਸ।*
*ਜਿਵ ਬਿਸੀਅਰ[37] ਕੋ ਦੇਤ ਹੈ ਚੰਦਨ ਸੀਤਲ ਬਾਸ[38] ॥ ੧॥ ੩੭॥*

**ਅਰਥ :** ਬਖਸ਼ਿੰਦ ਸਤਿਗੁਰੂ ਜੀ (ਭੈੜੇ ਕਰਮ ਕਰਨ ਵਾਲੇ) ਨੀਚਾਂ ਤੇ ਬਦਜ਼ੁਬਾਨਾਂ ਨੂੰ ਵੀ ਆਤਮਿਕ ਅਨੰਦ ਦੇਣ ਵਾਲਾ ਨਾਮ-ਜਲ ਬਖ਼ਸ਼ਦੇ ਹਨ ਜਿਵੇਂ ਚੰਦਨ, ਜ਼ਹਿਰ ਉਗਲਣ ਵਾਲੇ ਸੱਪ ਨੂੰ ਵੀ ਆਪਣੀ ਠੰਡਕ/ਖ਼ੁਸ਼ਬੋ ਦਿੰਦਾ ਹੈ॥ ੧॥ ੩੭॥

**ਸ਼ਬਦ :** *ਜਯਤੇ ਮਚਾ ਘੋਰ ਸੰਗ੍ਰਾਮਾ[39] । ਸਤਿਗੁਰ ਜੀ ਕੋ ਕੀਆ ਪ੍ਰਨਾਮਾ॥*
*ਚਾਰ ਦਿਸਾ ਰਿਪੂਅਨ[40] ਕੀ ਸੈਨਾ। ਸਤਿਗੁਰੂ ਛੋਰ ਦੀਆ ਮੁਖ ਬੈਨਾ॥*
*ਰਿਪੂਅਨ ਕੀ ਸੈਨਾ ਹਰਖਾਈ[41] । ਸੋਰ ਭਇਆ ਹਾ ਹਾ ਹਾ ਹਾਈ॥*
*ਰਣ ਲਾਥੇ ਪਾਂਚੋ ਬਡ ਬੀਰ। ਕਾਨੌਂ ਖੈਂਚ ਚਲਾਇ ਤੀਰ॥*
*ਸਤਿਗੁਰ ਮੋਕਉ ਥਾਪੀ ਦੀਨੀ। ਰਿਪੂਅਨ ਕੀ ਸੈਨਾ ਨਥ[42] ਲੀਨੀ॥*
*ਮਾਰ ਦੀਏ ਪਾਂਚੋ ਬਡ ਬੀਰ। ਮ੍ਰਿਤ ਭਇਆ ਬੀਰਨ ਕਾ ਬੀਰ[43] ॥*
*ਹਉਂ ਆਇਆ ਸਤਿਗੁਰ ਸਰਣਾਈ। ਰਾਖੁ ਲੇਹੁ ਮੋਕਉ ਰਘੁਰਾਈ॥ ੧॥ ੩੮॥*

**ਅਰਥ :** ਜਦੋਂ ਭਾਈ ਜਯਤੇ ਨੇ ਜਗਤ-ਅਖਾੜੇ ਵਿਚ ਮਾਇਆ/ਵਿਕਾਰਾਂ ਦੀ ਭਿਆਨਕ ਜੰਗ ਛਿੜੀ ਵੇਖੀ ਤਾਂ ਝੱਟ-ਪੱਟ ਸਤਿਗੁਰੂ ਜੀ ਦੀ ਸ਼ਰਣ ਵਿਚ ਜਾ ਕੇ ਨਮਸ਼ਕਾਰ ਕੀਤੀ। ਚਾਰੇ ਪਾਸੇ ਵਿਕਾਰਾਂ/ਦੁਸ਼ਮਣਾਂ ਦੀ ਫ਼ੌਜ ਸੀ। ਜਦੋਂ ਪਾਵਨ ਮੁਖ ਤੋਂ ਸਤਿਗੁਰੂ ਜੀ ਨੇ ਮੈਨੂੰ ਨਾਮ-ਸ਼ਬਦ ਬਖ਼ਸ਼ ਦਿੱਤਾ ਤਾਂ ਇਹ ਵੇਖ-ਸੁਣ ਕੇ ਦੁਸ਼ਮਣਾਂ ਦੀ ਫ਼ੌਜ ਬਹੁਤ ਦੁਖੀ ਹੋ ਗਈ। ਹਰ ਪਾਸੇ ਸ਼ੋਰ-ਸ਼ਰਾਬਾ ਤੇ ਹਾਹਾਕਾਰ ਮੱਚ ਗਈ। ਜੰਗ ਵਿਚ ਵੱਡੇ ਪੰਜ ਸੂਰਮੇ (ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ) ਉਤਰ ਆਏ। ਉਹ ਲਾਲਚ ਦੇ ਫੁਰਨੇ ਰੂਪੀ ਤੀਰ ਕੰਨਾਂ ਤੱਕ ਖਿੱਚ ਕੇ ਚਲਾਉਣ ਲੱਗੇ। ਸਤਿਗੁਰੂ ਜੀ ਨੇ ਮੈਨੂੰ ਥਾਪੀ

---

੩੭. ਸੱਪ, ੩੮. ਵਾਸ਼ਨਾ, ਸੁਗੰਧੀ, ੩੯. ਜੰਗ, ੪੦. ਦੁਸ਼ਮਣ, ੪੧. ਗ਼ੁੱਸੇ ਵਿਚ ਆਈ, ੪੨. ਕਾਬੂ ਕਰ ਲੈਣਾ, ੪੩. ਮਨ।

ਦਿੱਤੀ ਭਾਵ ਅਸ਼ੀਰਵਾਦ ਦਿੱਤਾ ਤਾਂ ਮੈਂ ਵਿਰੋਧੀ ਪੰਜੇ (ਕਾਮਾਦਿਕ) ਦੁਸ਼ਮਣਾਂ ਦੀ ਫ਼ੌਜ ਕਾਬੂ ਕਰ ਲਈ ਤੇ ਪੰਜੇ ਸੂਰਮੇ ਮਾਰ ਦਿੱਤੇ। ਇਥੋਂ ਤਕ ਕਿ ਜੋਧਿਆਂ ਦਾ ਜੋਧਾ ਮਨ ਵੀ ਮਰ ਗਿਆ। ਹੇ ਪ੍ਰਭੂ! ਕ੍ਰਿਪਾ ਕਰਕੇ ਮੇਰੀ ਦੀਨ ਦੁਨੀਆਂ ਵਿਚ ਪੈਜ ਰੱਖ ਲੈਣੀ। ਮੈਂ ਸਤਿਗੁਰੂ ਜੀ ਦੀ ਸ਼ਰਨ ਆਇਆ ਹਾਂ॥ ੧॥ ੩੮॥

*ਸਤਿਗੁਰ ਕੀ ਸਰਣਾਈ ਆਇਆ। ਕਹਹੁ ਕਹਾਂ ਅਬ ਬਿਆਪਤ ਮਾਯਾ॥*
*ਜਨ ਤੇ ਪ੍ਰਭ ਕ੍ਰਿਪਾ ਅਸ ਕੀਨੀ। ਆਧ ਬਿਆਧਿ ਸਗਲ ਹਰ ਲੀਨੀ॥*
*ਮਹਾਂ ਬਲੀ ਸਤਿਗੁਰ ਰਖਵਾਰਾ। ਤਾ ਕੀ ਨਦਰਿ ਤਰਹਿ ਸੰਸਾਰਾ॥*
*ਸਤਿਗੁਰ ਬਾਣ[੪੪] ਨਦਰਿ ਕਾ ਮਾਰਾ। ਹਉ ਮੈਂ ਚੋਰ ਮਰਾ ਬਟਵਾਰਾ[੪੫]॥*
*ਮਮ ਗੜ੍ਹ[੪੬] ਲੂਟਾ ਫੌਜ ਸਤ੍ਰਨੀ। ਗੁਰ ਸਬਦਹਿ ਡਰਪਹਿ ਡਰ ਮਰਣੀ॥*
*ਅਬ ਤਉ ਜਯਤਾ ਭਇਆ ਨਿਹੰਗਾ। ਬਸਹੁ ਪ੍ਰਭੂ ਹੀਅਰੇ ਸਰਬੰਗਾ॥ ੨॥ ੩੯॥*

ਅਰਥ: ਹੁਣ ਮੈਂ ਸਤਿਗੁਰੂ ਜੀ ਦੀ ਸ਼ਰਣ ਵਿਚ ਆ ਗਿਆ ਹਾਂ। ਹੁਣ ਮੈਨੂੰ ਮਾਇਆ ਭਲਾ ਕਿਸ ਤਰ੍ਹਾਂ ਬਿਆਪ ਸਕੇਗੀ! ਪ੍ਰਭੂ ਨੇ ਆਪਣੇ ਸੇਵਕ 'ਤੇ ਕ੍ਰਿਪਾ ਹੀ ਇਸ ਤਰ੍ਹਾਂ ਦੀ ਕੀਤੀ ਹੈ ਕਿ ਆਧਿ ਬਿਆਧਿ (ਮਨ ਦੇ ਦੁੱਖ-ਸੰਤਾਪ ਆਦਿ) ਸਭ ਦੂਰ ਕਰ ਦਿੱਤੇ ਹਨ। ਮੇਰਾ ਸਤਿਗੁਰੂ ਮਹਾਂਬਲੀ ਤੇ ਸਦਾ ਰਖਵਾਲਾ ਹੈ, ਜਿਸ ਦੀ ਕ੍ਰਿਪਾ-ਦ੍ਰਿਸ਼ਟੀ ਦੁਆਰਾ ਭਵਸਾਗਰ/ਸੰਸਾਰ ਨੂੰ ਤਰ ਲਈਦਾ ਹੈ। ਸਤਿਗੁਰੂ ਜੀ ਨੇ ਆਪਣੀ ਮਿਹਰ ਭਰੀ ਨਜ਼ਰ ਦਾ ਤੀਰ ਮਾਰਿਆ ਜਿਸ ਨਾਲ ਮਨ ਵਿੱਚੋਂ ਹਉਮੈਂ ਤੇ (ਪੰਜ ਕਾਮਾਦਿਕ) ਚੋਰ ਡਾਕੂ ਮਾਰੇ ਗਏ। ਸੋ ਇਸ ਤਰ੍ਹਾਂ ਗੁਰੂ ਦੀ ਕ੍ਰਿਪਾ ਨਾਲ ਮੈਂ ਦੁਸ਼ਮਣਾਂ ਦੀ ਫ਼ੌਜ ਦਾ ਕਿਲ੍ਹਾ ਸਰ ਕਰ ਲਿਆ ਹੈ। ਹੁਣ ਜੈਤਾ ਨਿਰਭੈ/ਬੇਪਰਵਾਹ ਹੋ ਗਿਆ ਹੈ, ਕਿਉਂਕਿ ਉਸ ਦੇ ਹਿਰਦੇ ਵਿਚ ਪਰਮਾਤਮਾ ਹਮੇਸ਼ਾ ਵੱਸਦਾ ਹੈ॥ ੨॥ ੩੯॥

ਰੋਲਾ: *ਹਾਲ ਬੁਰਾ, ਨਹਿੰ ਹਿੰਦ ਕਾ ਕੋਇ ਦੂਖ ਨਿਵਾਰੇ।*
*ਤਬੈ ਹੂਕ ਬੈਕੁੰਠ[੪੭] ਸੁਣੀ ਪ੍ਰਭੁ ਗੁਰੁ ਦੁਆਰੇ॥*
*ਆਇਸ[੪੮] ਤੇਗ ਬਹਾਦਰ ਗੁਰ ਪ੍ਰਭ ਜੁ ਅਸ[੪੯] ਕੀਨੀ।*
*ਧਰਮ ਸੁਗੰਧ ਫੈਲਾਇ ਦਿਹੁ ਜਗ ਭੀਨੀ ਭੀਨੀ॥ ੧॥ ੪੦॥*

ਅਰਥ: ਹਿੰਦੁਸਤਾਨੀਆਂ ਦਾ ਬੁਰਾ ਹਾਲ ਸੀ। ਕੋਈ ਨਹੀਂ ਸੀ ਜੋ ਉਨ੍ਹਾਂ ਦੇ ਦੁੱਖ ਦੂਰ ਕਰੇ, ਤਦੇ ਉਨ੍ਹਾਂ ਦੀ ਹਾਇ-ਹਾਇ ਦੀ ਅਵਾਜ਼ ਗੁਰਮੁਖਾਂ ਦੀ ਸੰਗਤ ਵਿਚ ਅਕਾਲ ਪੁਰਖ ਦੇ ਗੁਰ ਦੁਆਰੇ ਸੁਣੀ ਤਾਂ ਪਰਮੇਸ਼ਰ ਨੇ ਗੁਰੂ ਤੇਗ ਬਹਾਦਰ ਜੀ ਨੂੰ ਜਗਤ ਵਿਚ ਧਰਮ ਦੀ ਭਿੰਨੀ-ਭਿੰਨੀ ਖ਼ੁਸ਼ਬੋ ਫੈਲਾਉਣ ਦਾ ਆਦੇਸ਼ ਦਿੱਤਾ॥ ੧॥ ੪੦॥

ਕਬਿਤ: *ਦੁਰ[੫੦] ਵਿਦਗਧ[੫੧] ਕਿਛ ਅਰਥ ਕੋ ਅਨਰਥ ਕਰ,*

---

੪੪. ਤੀਰ, ੪੫. ਲੁਟੇਰਾ, ਡਾਕੂ, ੪੬. ਕਿਲ੍ਹਾ, ੪੭. ਗੁਰਮੁਖਾਂ ਦੀ ਸੰਗਤ, ੪੮. ਆਦੇਸ਼, ਹੁਕਮ, ੪੯. ਇਸ ਤਰ੍ਹਾਂ, ੫੦. ਮੰਦੇ, ੫੧. ਚਲਾਕ।

*ਘੋਰ ਅਪਮਾਨ ਵਾਹਿਗੁਰੂ ਜੀ ਕਾ ਕੀਨ ਹੈਂ।*
*ਕਰੇਂ ਨਹਿੰ ਦ੍ਵੈਤ ਭੇਦ ਮਾਤ ਪਿਤ ਪੂਤਨ ਸੋਂ,*
*ਬਰਨ ਸੁਜਾਤ ਜਾਤ ਨਹਿੰ ਪ੍ਰਭੂ ਦੀਨ ਹੈਂ।*
*ਪ੍ਰਭੂ ਜੂ ਸੁ ਮੰਦਰਿ ਪ੍ਰਕਾਸ ਨਹੀਂ ਨਿਸਚੈ ਤੋ,*
*ਕਹਾਂ ਮਕਾ ਕਾਅਬਾ ਫਿਰ ਛਤ੍ਰ ਸੁ ਲੀਨ ਹੈਂ।*
*ਕਹਿੰ ਪ੍ਰਭੂ ਪੂਰਣ ਔ ਦਕਸਿਨ ਸਥਿਰ ਕੀਨਾ,*
*ਕਹਿੰ ਪਸਚਿਮ ਉਤਰ ਤੇ ਪ੍ਰਭੂ ਕੀਨ ਖੀਨ ਹੈਂ॥ ੧॥ ੪੧॥*

**ਅਰਥ :** ਕੁਛ ਮੰਦੇ ਤੇ ਚਲਾਕ ਲੋਕਾਂ ਨੇ ਧਰਮ ਦੇ ਅਰਥ ਦਾ ਅਨਰਥ ਕਰਕੇ ਪਰਮਾਤਮਾ ਦਾ ਘੋਰ ਅਪਮਾਨ ਕੀਤਾ। ਜਿਵੇਂ ਮਾਤਾ ਪਿਤਾ ਆਪਣੇ ਧੀਆਂ ਪੁੱਤਰਾਂ ਵਿਚ ਦਵੈਤ-ਭਾਵ ਨਹੀਂ ਰੱਖਦੇ, ਤਿਵੇਂ ਪਰਮਾਤਮਾ ਨੇ ਵੀ ਮਨੁੱਖਤਾ ਨੂੰ ਵਰਣ-ਵੰਡ ਤੇ ਉੱਚੀ-ਨੀਵੀਂ ਜਾਤ-ਪਾਤ ਨਹੀਂ ਦਿੱਤੀ। ਯਕੀਨਨ ਤੌਰ 'ਤੇ ਪਰਮਾਤਮਾ ਦਾ ਪ੍ਰਕਾਸ਼ ਨਾ ਮੰਦਰ ਵਿਚ ਤੇ ਨਾ ਹੀ ਉਹ ਕੇਵਲ ਮੱਕੇ ਕਾਅਬੇ ਵਿਚ ਸਿਰ ਛਤ੍ਰ ਟਿਕਿਆ ਹੋਇਆ ਹੈ। ਕਿਤੇ ਪ੍ਰਭੂ ਨੂੰ ਪੂਰਬ ਤੇ ਦੱਖਣ ਵਿਚ ਟਿਕਾਇਆ ਹੋਇਆ ਹੈ ਅਤੇ ਕਿਤੇ ਉੱਤਰ ਤੇ ਪੱਛਮ ਵਿਚ ਮੰਨਿਆ ਹੋਇਆ ਹੈ॥ ੧॥ ੪੧॥

*ਕਹਾਂ ਪ੍ਰਭੂ ਤਰੂ[੫੨] ਅਰ ਨੀਰ[੫੩] ਮਹਿ ਹੈ ਬੰਦੀਵਾਨ,[੫੪]*
*ਕਹਾਂ ਪ੍ਰਭੂ ਮੜੀ ਔ ਮਜਾਰ ਮਹਿ ਪ੍ਰਕਾਸ ਹੈਂ।*
*ਕਹਾਂ ਪ੍ਰਭੂ ਪਾਹਨ[੫੫] ਔ ਅਗਨਿ ਪ੍ਰਵਿਸਟ ਔਰ,*
*ਕਹਾਂ ਪ੍ਰਭੂ ਅਗਨਿਸਿਖਾ[੫੬] ਮਹਿੰ ਕਰੇਂ ਬਾਸ ਹੈਂ।*
*ਕਹਾਂ ਪ੍ਰਭੂ ਤਾਰਾਗਣ ਰਵਿ ਸਸਿ ਗਿਰਿ[੫੭] ਸੋਹੇਂ,*
*ਕਹਾਂ ਧਰ ਅੰਬਰ ਪਤਾਲ ਸੁ ਰਹਾਤ ਹੈਂ।*
*ਘਟਿ ਘਟਿ ਜਲ ਥਲ ਅੰਬਰ ਪਾਤਾਲ ਪ੍ਰਭੂ,*
*ਨਿਰੰਕਾਰ ਜੋਤਿ ਰੂਪ ਸ੍ਰਿਸਟ ਨਹਿ ਸੁਹਾਤ ਹੈਂ॥ ੨॥ ੪੨॥*

**ਅਰਥ :** ਆਪਣੀ-ਆਪਣੀ ਮਤ ਮੁਤਾਬਕ ਕਿਸੇ ਨੇ ਪਰਮਾਤਮਾ ਨੂੰ ਦਰੱਖ਼ਤਾਂ ਤੇ ਪਾਣੀ ਵਿਚ ਕੈਦ, ਕਿਸੇ ਨੇ ਮੜ੍ਹੀ ਤੇ ਮਜ਼ਾਰ ਵਿਚ ਪ੍ਰਕਾਸ਼ਮਾਨ, ਕਿਸੇ ਨੇ ਪਰਮੇਸ਼ਰ ਨੂੰ ਪੱਥਰ ਤੇ ਅੱਗ ਅਤੇ ਅੱਗ ਦੀਆਂ ਲਾਟਾਂ ਵਿਚ ਵਾਸ ਕਰਦਾ ਦੱਸਿਆ। ਕਿਸੇ ਨੇ ਪਰਮਾਤਮਾ ਨੂੰ ਤਾਰਿਆਂ ਦੇ ਝੁੰਡ, ਸੂਰਜ, ਚੰਦਰਮਾ ਤੇ ਪਹਾੜਾਂ ਵਿਚ ਸੋਭਾ ਪਾ ਰਿਹਾ ਤੇ ਕਿਸੇ ਨੇ ਉਸ ਨੂੰ ਧਰਤੀ, ਅਕਾਸ਼, ਪਤਾਲ ਵਿਚ ਵੱਸਦਾ ਦੱਸਿਆ, ਜਦੋਂ ਕਿ ਉਹ ਇੱਕ ਥਾਂ ਨਹੀਂ ਸਗੋਂ ਜਲ, ਥਲ, ਅਕਾਸ਼, ਪਤਾਲ ਤੇ ਹਰੇਕ ਸਰੀਰ ਭਾਵ ਹਰ ਜਗ੍ਹਾ ਵਿਆਪਕ ਹੈ। ਕਿਉਂਕਿ ਇੱਕ ਅਕਾਲ ਪੁਰਖ ਦੀ ਜੋਤ ਬਿਨਾਂ ਉਸ ਦੁਆਰਾ ਰਚੀ ਸ੍ਰਿਸ਼ਟੀ ਸੁਹਾਵਣੀ ਨਹੀਂ ਲੱਗਦੀ॥ ੨॥ ੪੨॥

੫੨. ਦਰੱਖ਼ਤ, ੫੩. ਪਾਣੀ, ੫੪. ਕੈਦੀ, ੫੫. ਪੱਥਰ, ੫੬. ਅੱਗ ਦੀਆਂ ਲਾਟਾਂ, ੫੭. ਪਹਾੜਾਂ ਵਿਚ।

ਸਵੈਯਾ : *ਸਬ ਕਾਜ ਸੰਪੂਰਣ[੫੮] ਸਿਧ[੫੯] ਭਏ,*
*ਸਿਰ[੬੦] ਤਾਤ[੬੧] ਧਰਾ[੬੨] ਗੁਰ ਸੀਸ[੬੩] ਸੁ ਧਾਰੀ[੬੪]।*
*ਗੁਰ ਸੀਸ ਸੁ ਛਬਿ[੬੫] ਬਟੀ[੬੬] ਅਬ ਹੈ,*
*ਇਵ ਭਾਖਤ[੬੭] ਹੈਂ ਸਗਰੇ ਦਿਰਵਾਰੀ[੬੮]।*
*ਜਿਵ ਰਾਖੁ ਲੀਆ ਰਿਪੁ ਸੈਨਨ ਤੇ,*
*ਤਿਵ ਰਾਖ ਲੇਹੁ ਗੁਰ ਨਰਕ ਨਿਵਾਰੀ।*
*ਮੁਖ ਦਰਸ ਦਿਹੁ ਸੁਭ ਸਿਖਨ ਕਉ,*
*ਸ੍ਰੀ ਤੇਗ ਬਹਾਦਰ ਗੁਰ ਧਰ ਧਾਰੀ॥ ੧ ॥ ੪੩ ॥*

ਅਰਥ : ਸਤਿਗੁਰੂ ਜੀ ਦੀ ਕ੍ਰਿਪਾ ਨਾਲ ਉਸ ਵੱਲੋਂ ਹੀ ਬਖ਼ਸ਼ੇ ਸਾਰੇ ਹੁਕਮ/ਕੰਮ ਪੂਰੇ ਤੇ ਸਫਲ ਹੋ ਗਏ। ਦਸਮ ਗੁਰੂ ਦੀ ਝੋਲੀ ਵਿਚ ਸ਼ਹੀਦ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਦਾ ਪਾਵਨ ਸੀਸ ਰੱਖ ਕੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ 'ਰੰਘਰੇਟੇ ਗੁਰੂ ਕੇ ਬੇਟੇ' ਦੀ ਅਸੀਸ ਪ੍ਰਾਪਤ ਕੀਤੀ। ਹੁਣ ਗੁਰੂ ਜੀ ਵੱਲੋਂ ਬਖ਼ਸ਼ੀ ਅਸੀਸ ਨਾਲ ਮੇਰੀ ਸੋਭਾ ਬਦਲ ਗਈ ਭਾਵ ਵਧ ਗਈ ਹੈ। ਇਸ ਤਰ੍ਹਾਂ ਸਭ ਦਰਬਾਰੀ ਲੋਕ ਆਖ ਰਹੇ ਹਨ ਕਿ ਹੇ ਪਰਮਾਤਮਾ! ਜਿਵੇਂ ਆਪਣੇ ਸਿੱਖ ਨੂੰ ਦੁਸ਼ਮਣਾਂ ਦੀ ਫ਼ੌਜ ਕੋਲੋਂ ਬਚਾ/ਰੱਖ ਲਿਆ ਹੈ, ਤਿਵੇਂ ਹੀ ਦੁੱਖ-ਕਲੇਸ਼ ਰੂਪੀ ਨਰਕ ਦੂਰ ਕਰਨ ਵਾਲੇ ਸਤਿਗੁਰੂ ਜੀ! ਆਪਣੇ ਸਿੱਖ ਨੂੰ ਵਿਕਾਰਾਂ/ਜਮਾਂ ਆਦਿ ਦੁਸ਼ਮਣਾਂ ਤੋਂ ਬਚਾ ਲੈਣਾ। ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ! ਸਭ ਸਿੱਖਾਂ ਨੂੰ ਆਪਣੇ ਪਵਿੱਤਰ ਮੁੱਖੜੇ ਦੇ ਦਰਸ਼ਨ ਬਖ਼ਸ਼ੋ, ਉਨ੍ਹਾਂ ਨੇ ਆਪ ਜੀ ਦੀ ਓਟ/ਪਨਾਹ ਲਈ ਹੈ॥ ੧ ॥ ੪੩ ॥

ਸਬਦ : *ਭਲਾ ਭਲਾ ਭਲਾ ਸਤਿਗੁਰ ਕਾ ਪੇਖਣਾ।*
*ਬਡਾ ਬਡਾ ਬਡਾ ਸਬਦਹਿ ਮਨ ਮੇਟਣਾ।*
*ਅਤਿ ਊਚਾ ਅਤਿ ਊਚਾ ਗੁਰ ਦਰਬਾਰਿ ਹੈ।*
*ਅਤਿ ਸੂਚਾ ਅਤਿ ਸੂਚਾ ਗੁਰ ਦੀਦਾਰ ਹੈ।*
*ਅਤਿ ਮੀਠਾ ਅਤਿ ਮੀਠਾ ਗੁਰ ਕਾ ਬਚਨ ਹੈ।*
*ਅਤਿ ਉਤਮ ਅਤਿ ਉਤਮ ਗੁਰ ਸੰਗ ਰਚਨ ਹੈ।*
*ਅਤਿ ਸੀਤਲ ਅਤਿ ਸੀਤਲ ਗੁਰ ਕੀ ਛਾਂਵ ਹੈ।*
*ਅਤਿ ਸੁੰਦਰ ਅਤਿ ਸੁੰਦਰ ਗੁਰ ਕਾ ਨਾਂਵ ਹੈ।*
*ਕੁਲ ਤਾਰਣ ਕੁਲ ਤਾਰਣ ਗੁਰ ਕੈ ਚਰਨ ਹੈਂ।*
*ਮਸਤਕ ਧੂਰ ਲਗਹਿ ਤੋ ਭਵਜਲ ਤਰਨ ਹੈਂ।*
*ਨਦਰਿ ਕਰਮ ਕਰ ਜਯਤੇ ਕਉ ਏਹੁ ਦਿਹੁ ਵਰ।*
*ਜੀਵਹਿ ਨਰ ਹਰਿ ਚਰਨਨ ਮਹਿੰ ਦਰ ਜਾਏ ਮਰ॥ ੧ ॥ ੪੪ ॥*

---

੫੮. ਪੂਰੇ, ੫੯. ਸਫਲ, ੬੦. ਸੀਸ, ੬੧. ਪਿਤਾ, ੬੨. ਰੱਖਿਆ, ੬੩. ਅਸੀਸ ਦਾ ਸੰਖੇਪ, ੬੪. ਪ੍ਰਾਪਤ ਕੀਤੀ, ੬੫. ਦਿੱਖ, ਸੋਭਾ, ੬੬. ਬਦਲ ਗਈ, ੬੭. ਆਖਦੇ ਹਨ, ੬੮. ਦਰਬਾਰੀ ਲੋਕ

**ਅਰਥ :** ਮੈਨੂੰ ਬਹੁਤ ਚੰਗਾ ਲੱਗਦਾ ਹੈ ਗੁਰੂ ਜੀ ਦਾ ਦਰਸ਼ਨ ਕਰਨਾ ਤੇ ਮਹਾਨ ਲੱਗਦਾ ਹੈ ਸਤਿਗੁਰੂ ਜੀ ਦੇ ਬਖ਼ਸ਼ੇ ਸ਼ਬਦ/ਉਪਦੇਸ਼ ਨਾਲ ਮਨ ਦੀ ਭਟਕਣਾ ਨੂੰ ਖ਼ਤਮ ਕਰਨਾ। ਗੁਰੂ ਜੀ ਦਾ ਦਰਬਾਰ ਬਹੁਤ ਉੱਚਾ ਹੈ ਤੇ ਪਵਿੱਤਰ ਹੈ ਗੁਰੂ ਜੀ ਦਾ ਦਰਸ਼ਨ/ਦੀਦਾਰ ਕਰਨਾ।

ਗੁਰੂ ਜੀ ਦਾ ਸ਼ਬਦ/ਉਪਦੇਸ਼ ਮਨ ਨੂੰ ਬਹੁਤ ਮਿੱਠਾ ਲੱਗਦਾ ਹੈ ਤੇ ਬਹੁਤ ਸ੍ਰੇਸ਼ਟ ਲੱਗਦਾ ਹੈ ਗੁਰੂ ਜੀ ਨਾਲ ਮਿਲਾਪ ਭਾਵ ਸਤਿਸੰਗਤ ਕਰਨੀ। ਮਨ ਨੂੰ ਵਿਕਾਰਾਂ ਦੀ ਤਪਸ਼ ਤੋਂ ਬਚਾਉਣ ਵਾਲੀ ਗੁਰੂ ਜੀ ਵੱਲੋਂ ਬਖ਼ਸ਼ੀ ਉਪਦੇਸ਼ ਰੂਪੀ ਸੰਘਣੀ ਛਾਂ ਬਹੁਤ ਠੰਡੀ ਹੈ ਤੇ ਗੁਰੂ ਜੀ ਦਾ ਨਾਮ ਵੀ ਬਹੁਤ ਖ਼ੂਬਸੂਰਤ ਹੈ। ਸਿਰਫ਼ ਗੁਰੂ ਜੀ ਦੇ ਉਪਦੇਸ਼ ਰੂਪੀ ਚਰਨ ਹੀ ਕੁਲ ਨੂੰ ਭਵਸਾਗਰ ਵਿਚੋਂ ਲੰਘਾਉਣ ਵਾਲੇ ਹਨ ਤੇ ਗੁਰੂ ਜੀ ਦੇ ਚਰਨਾਂ ਦੀ ਧੂੜ ਮੱਥੇ 'ਤੇ ਲਗਾਉਣ ਨਾਲ ਭਵਜਲ ਤਰ ਕੇ ਪਾਰ ਹੋ ਜਾਈਦਾ ਹੈ। ਹੇ ਕ੍ਰਿਪਾਲੂ ਦਾਤਾ ਜੀਓ! ਮਿਹਰ ਦੀ ਨਜ਼ਰ ਕਰਕੇ ਜੈਤੇ ਨੂੰ ਇਹ ਅਸ਼ੀਰਵਾਦ ਦੇਵੋ ਕਿ ਉਹ ਪਰਮੇਸ਼ਰ ਦੇ ਚਰਨਾਂ ਵਿਚ ਰਹਿ ਕੇ ਜੀਵਨ ਬਸਰ ਕਰਦਿਆਂ ਸਰੀਰ ਤਿਆਗੇ॥ ੧॥ ੪੪॥

*ਜਿਨ ਰਾਖਿਆ ਦੈ ਹਾਥਿ ਹਉਂ ਬਲਿਹਾਰਨੇ।*
*ਸਤਿਗੁਰੁ ਸਮਰਥ ਤਰਣਹਿੰ ਤਾਰਣਹਿੰ।*
*ਸਤਿਗੁਰੁ ਤਾਰਣਹਾਰ ਨਾਇੰ ਜਪਾਇੰਦਾ।*
*ਆਪਣੀ ਨਦਰਹਿ ਆਪੇ ਕਾਰੇ ਲਾਇੰਦਾ।*
*ਸਤਿਗੁਰ ਯੋਧਾ ਬੀਰ ਸੁ ਸਬਦ ਚਲਾਇੰਦਾ।*
*ਪੰਚ ਕੜੇ ਯੁਧ ਵੀਰ ਮਾਰ ਮੁਕਾਇੰਦਾ।*
*ਸਤਿਗੁਰੁ ਨਿਰਵੈਰ ਵੈਰ ਨ ਚੀਤ ਹੈ।*
*ਸਤਿਗੁਰੁ ਸਮਸਰ ਭਲਹਿ ਬੁਰਹਿ ਕਾ ਮੀਤ ਹੈ।*
*ਸਤਿਗੁਰੁ ਘਨਘੋਰ ਸੁ ਬਾਣੀ ਪਾਇੰਦਾ।*
*ਸਤਿਗੁਰੁ ਘਨਘੋਰ ਸੁ ਸਬਦ ਵਜਾਇੰਦਾ।*
*ਨਮਹੁੰ ਨਮਹੁੰ ਗੁਰ ਪੂਰੈ ਸਚੁ ਕਮਾਈ ਜੀਉ।*
*ਜਯਤੇ ਕੀ ਗੁਰ ਪੂਰੇ ਪੈਜ ਰਖਾਈ ਜੀਉ॥ ੨॥ ੪੫॥*

**ਅਰਥ :** ਭਵਸਾਗਰ ਨੂੰ ਪਾਰ ਕਰਨ ਤੇ ਕਰਵਾਉਣ ਵਾਲੇ ਪੂਰੇ ਸਤਿਗੁਰੂ ਤੋਂ ਮੈਂ ਬਲਿਹਾਰ ਜਾਂਦਾ ਹਾਂ, ਜਿਸ ਨੇ ਮੈਨੂੰ (ਮੋਹ ਮਾਇਆ ਰੂਪੀ ਦਲਦਲ ਵਿਚ ਡਿੱਗਣ ਤੋਂ) ਹੱਥ ਦੇ ਕੇ ਬਚਾ ਲਿਆ। ਤਾਰਨਹਾਰ ਸਤਿਗੁਰੂ ਜੀਵ ਨੂੰ ਹਰਿ-ਸਿਮਰਨ ਦ੍ਰਿੜ੍ਹ ਕਰਵਾਉਂਦਾ ਹੈ ਤੇ ਉਹ ਆਪਣੀ ਕ੍ਰਿਪਾ ਦ੍ਰਿਸ਼ਟੀ ਕਰਕੇ ਹੀ ਮਨੁੱਖ ਨੂੰ ਇਸ ਪਾਸੇ ਵੱਲ ਲਗਾਉਂਦਾ ਹੈ। ਸਤਿਗੁਰੂ ਜੀ ਬੜਾ ਬੀਰ ਯੋਧਾ ਹੈ ਜੋ ਆਪਣੇ ਸ਼ਬਦ ਰੂਪੀ ਤੀਰ ਚਲਾ ਕੇ ਪੰਜੇ (ਕਾਮਆਦਿਕ) ਦੈਂਤਾਂ/ਜੋਧਿਆਂ ਨੂੰ ਮਾਰ-ਮੁਕਾਉਂਦਾ ਹੈ। ਸਤਿਗੁਰੂ ਜੀ ਵੈਰ ਰਹਿਤ ਹੈ। ਉਸ ਦੇ ਹਿਰਦੇ ਵਿਚ ਕਿਸੇ ਨਾਲ ਕੋਈ ਵੈਰ ਨਹੀਂ ਹੈ ਤੇ ਸਤਿਗੁਰੂ ਜੀ ਬੁਰੇ-

ਭਲੇ ਭਾਵ ਹਰੇਕ ਨਾਲ ਬਰਾਬਰ ਦੀ ਮਿੱਤਰਤਾ ਰੱਖਦਾ ਹੈ। ਸਤਿਗੁਰੂ ਜੀ ਗਰਜਵੀਂ ਧੁਰ ਕੀ ਬਾਣੀ ਪਾਉਂਦਾ ਹੈ ਤੇ ਗਰਜਵੀਂ ਨਾਮ/ਸ਼ਬਦ ਦੀ ਧੁਨ ਵਜਾਉਂਦਾ ਹੈ। ਸੱਚ ਕਮਾਉਣ ਵਾਲੇ ਪੂਰੇ ਸਤਿਗੁਰੂ ਜੀ ਨੂੰ ਮੈਂ ਬਾਰ-ਬਾਰ ਨਮਸ਼ਕਾਰ ਕਰਦਾ ਹਾਂ ਜਿਸ ਪੂਰੇ ਗੁਰੂ ਨੇ ਜੈਤੇ ਦੀ ਪੈਜ ਰੱਖੀ ਹੈ॥ ੨॥ ੪੫॥

ਸਵੈਯਾ : *ਸੀਸ ਨਿਹਾਰ ਕੈ ਗੁਰੂ ਵਰ ਕਾ,*
*ਨਰੁ ਨਾਰਿ ਸਬਹਿ ਅਤਿ ਹੀ ਅਕੁਲਾਏ*[੬੯]*।*
*ਤਿਨ ਪਾਵਕ ਜਾਨ ਲਗੀ ਉਰ ਮਹਿੰ,*
*ਜਨ ਸੋਕ ਦਿਵਾਗਨਿ ਦੇਹ ਤਪਾਏ।*
*ਗੁਰ ਸਿਖਨ ਮਨ ਇਮ ਕ੍ਰੋਧ ਭਯਾ ਜਿਮ,*
*ਬਿਖ ਕੇ ਬ੍ਰਿਖ ਉਰ ਮਹਿੰ ਪਲ ਆਏ।*
*ਜਗ ਜੀਵਨ ਅਬ ਦੁਸਵਾਰ*[੭੦] *ਭਯਾ,*
*ਤਨ ਮਨ ਸਬ ਤੁਰਕਨ*[੭੧] *ਦੀਓ ਜਲਾਏ॥ ੧॥ ੪੬॥*

ਅਰਥ: ਪਿਆਰੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪਾਵਨ ਸੀਸ ਦੇ ਦਰਸ਼ਨ ਕਰਕੇ ਸਭ ਇਸਤਰੀ ਪੁਰਖ ਵਿਆਕੁਲ ਹੋ ਗਏ। ਸਮਝ ਲਓ ਕਿ ਉਨ੍ਹਾਂ ਦੇ ਹਿਰਦੇ ਵਿਚ ਅੱਗ ਲੱਗ ਗਈ। ਸੇਵਕਾਂ ਦੀ ਸੋਗ ਨਾਲ ਦੇਹ ਤਪਣ ਲੱਗੀ ਤੇ ਗੁਰੂ ਜੀ ਦੇ ਸਿੱਖਾਂ ਦੇ ਮਨ ਵਿਚ ਦੁਸ਼ਮਣ (ਤੁਰਕਾਂ) ਵਿਰੁੱਧ ਇਸ ਤਰ੍ਹਾਂ ਰੋਹ ਭਰ ਗਿਆ ਜਿਵੇਂ ਹਿਰਦੇ ਵਿਚ ਜ਼ਹਿਰ ਦੇ ਦਰੱਖ਼ਤ ਉੱਗ ਆਏ ਹੋਣ। ਹੁਣ ਦੁਨਿਆਵੀ ਜੀਵਨ ਜੀਉਣਾ ਔਖਾ ਹੋ ਗਿਆ ਕਿਉਂਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਕੇ ਤੁਰਕਾਂ ਨੇ ਸਿੱਖਾਂ ਦਾ ਤਨ, ਮਨ ਜਲਾ ਦਿੱਤਾ॥ ੧॥ ੪੬॥

ਦੋਹਿਰਾ: *ਤਪਤ ਸਿਖਨ ਕਉ ਦੇਖ ਕੈ ਗੁਰ ਕੀਨਾ ਉਪਦੇਸ।*
*ਸੋਕ ਮਲਨ ਉਰ ਕਉ ਕਰੇ ਤਜਹੁ ਨਿਖਲ ਕਲੇਸ॥ ੧॥ ੪੭॥*

ਅਰਥ : ਰੋਹ ਵਿਚ ਆਏ ਸਿੱਖਾਂ ਦੇ ਹਿਰਦੇ ਦੀ ਤਪਸ਼ ਵੇਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਸੋਗ ਹਿਰਦੇ ਨੂੰ ਮਸਲ ਕੇ ਸੋਭਾਹੀਣ ਕਰਦਾ ਹੈ, ਇਸ ਵਾਸਤੇ ਚਿੰਤਾ-ਕਲੇਸ਼ ਨੂੰ ਤਿਆਗ ਦੇਵੋ॥ ੧॥ ੪੭॥

*ਸਰਬ ਮੁਨੀਸਰ ਭਾਖ ਹੈਂ ਸੋਕ ਮਰਮ ਪ੍ਰਹਾਰ।*
*ਸੋਕ ਨਿਵਾਰਹੁ ਮਨਹੁ ਕਾ ਚਿੰਤਾ ਮਨਹੁ ਨਿਕਾਰ॥ ੨॥ ੪੮॥*

ਅਰਥ : ਸਭ ਰਿਸ਼ੀ-ਮੁਨੀ ਆਖਦੇ ਹਨ ਕਿ ਸੋਗ ਦੀ ਸੱਟ ਦਾ ਇਲਾਜ ਇਹ ਹੈ ਕਿ ਮਨ ਵਿੱਚੋਂ ਸੋਗ ਨੂੰ ਦੂਰ ਕਰੋ ਤੇ ਮਨ ਵਿੱਚੋਂ ਚਿੰਤਾ ਕੱਢ ਦੇਵੋ॥ ੨॥ ੪੮॥

---

੬੯. ਵਿਆਕੁਲ, ੭੦. ਔਖਾ, ੭੧. ਤੁਰਕਾਂ, ਮੁਸਲਮਾਨਾਂ

ਚੌਪਈ: *ਹਿੰਦਵਾਨੀ ਜਿਮ ਕੀਓ ਕੁਕਾਜਾ*[22]।
*ਪ੍ਰਭ ਸਿਵਕਨ*[23] *ਕਉ ਆਵਹਿ ਲਾਜਾ।*
*ਆਪਨ ਕਉ ਨਹਿੰ ਸਿਖ ਬਖਾਨੈ।*
*ਸਬ ਸਿਖ ਰਾਮ ਭਗਤ ਪ੍ਰਮਾਨੈ॥ ੧॥ ੪੯॥*

**ਅਰਥ**: (ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸਮੇਂ ਇਕੱਠ ਵਿਚ ਖੜ੍ਹੇ) ਹਿੰਦੁਸਤਾਨੀ (ਬੁਜ਼ਦਿਲ ਇਵੇਂ ਮੂੰਹ ਲਟਕਾਈ ਖੜ੍ਹੇ ਸੀ) ਜਿਵੇਂ ਉਨ੍ਹਾਂ ਕੋਈ ਮਾੜਾ ਕਰਮ ਕੀਤਾ ਹੋਵੇ। ਉਨ੍ਹਾਂ ਦੀ ਮਨੋ ਅਵਸਥਾ ਨੂੰ ਵੇਖ ਕੇ ਪ੍ਰਭੂ-ਸੇਵਕਾਂ ਨੂੰ ਸ਼ਰਮ ਆ ਰਹੀ ਸੀ ਕਿਉਂਕਿ ਉਹ (ਡਰਪੋਕ ਜ਼ਾਲਮ ਹਕੂਮਤ ਪਾਸੋਂ ਡਰਦੇ) ਆਪਣੇ ਆਪ ਨੂੰ ਸਿੱਖ ਨਹੀਂ ਸੀ ਆਖਦੇ ਸਗੋਂ ਸਭ ਸਿੱਖ ਆਪਣੇ-ਆਪ ਨੂੰ ਰਾਮ-ਭਗਤ ਹੋਣ ਦਾ ਪ੍ਰਮਾਣ ਦੇ ਰਹੇ ਸਨ ਭਾਵ ਗਊ-ਜਾਏ ਬਣੀ ਖੜ੍ਹੇ ਸਨ॥ ੧॥ ੪੯॥

*ਜੇ ਕੋ ਪ੍ਰੀਤ ਕੀ ਬਾਤ ਕਰੇਹਿ।*
*ਮੁਰ ਪਿਤ ਸਮ ਤਬੁ ਪ੍ਰੀਤ ਨਿਭੇਹਿ।*
*ਕਾਟ ਧਰੇ ਸਿਰ ਪ੍ਰਭ ਚਰਨਨ ਮਹਿੰ।*
*ਪ੍ਰੀਤ ਤਬਹਿ ਆਇ ਬਰਨਨ ਮਹਿੰ॥ ੨॥ ੫੦॥*

**ਅਰਥ**: ਜੇ ਕੋਈ ਗੁਰ-ਪ੍ਰਮੇਸ਼ਰ ਦੇ ਨਾਲ ਪ੍ਰੀਤ ਨਿਭਾਉਣ ਦੀ ਗੱਲ ਕਰੇ ਤਾਂ ਤਦ ਹੀ ਉਸ ਦੀ ਮੇਰੇ ਗੁਰੂ ਪਿਤਾ ਵਾਂਗ ਪ੍ਰੀਤ ਨਿਭੇਗੀ ਜੇ ਉਹ ਆਪਣਾ ਸੀਸ ਪ੍ਰਭੂ-ਚਰਨਾਂ ਵਿਚ ਕੱਟ ਕੇ ਰੱਖ ਦੇਵੇ। ਮਤਲਬ ਕਿ ਆਪਾ ਭਾਵ ਗੁਆ ਕੇ ਜਿੰਦ ਉਸ ਤੋਂ ਕੁਰਬਾਨ ਕਰ ਦੇਵੇ। ਤਦ ਹੀ ਉਸ ਦਾ ਪਿਆਰ-ਪ੍ਰੀਤ ਵਰਨਣ ਕਰਨ ਵਿਚ ਆਉਂਦਾ ਹੈ॥ ੨॥ ੫੦॥

ਦੋਹਿਰਾ: *ਜਯਤੇ ਤਾਰਨਹਾਰ ਗੁਰ ਤਾਰ ਦੀਏ ਰੰਘਰੇਟੜੇ।*
*ਗੁਰ ਪਾਰਸ ਨੇ ਕਰ ਦੀਏ ਰੰਘਰੇਟੇ ਗੁਰ ਬੇਟੜੇ॥ ੧॥ ੫੧॥*

**ਅਰਥ**: ਹੇ ਭਾਈ ਜੈਤੇ! ਆਖ ਕਿ ਤਾਰਨਹਾਰ ਸਤਿਗੁਰੂ ਜੀ ਨੇ ਰੰਘਰੇਟਿਆਂ ਨੂੰ ਤਾਰ ਦਿੱਤਾ। ਪਾਰਸ ਰੂਪੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਛਾਤੀ ਨਾਲ ਲਾ ਕੇ, ਪਿਆਰ/ਅਸੀਸ ਦੇ ਕੇ ਰੰਘਰੇਟਿਆਂ ਨੂੰ ਗੁਰੂ ਦੇ ਪੁੱਤਰ ਬਣਾ ਦਿੱਤਾ॥ ੧॥ ੫੧॥

ਕਬਿਤ: *ਕਾਹੇ ਦਿਲੀ ਵਾਲੇ ਸਿਖ ਗੁਰੂ ਤੇ ਬੇਮੁਖ ਹੋਇ,*
*ਕਾਹੇ ਨਰੁ ਨਾਰਿ ਨਹਿੰ ਗੁਰੂ ਪ੍ਰਮਾਨਯੋਂ।*
*ਕਾਹੇ ਗੁਰ ਸਿਖਨ ਕੈ ਮਨ ਲਜਿਆਏ*[24] *ਨਾਹੀਂ,*
*ਕਾਹੇ ਨਾਹੀ ਤੁਰਕੂ*[25] *ਭੀ ਸਿਖ ਪਹਿਚਾਨਯੋਂ।*
*ਕਾਹੇ ਨਵ ਸ੍ਰੋਣਤ ਅਭਾਖ ਰਹਿਓ ਸੰਗ ਸਮ,*

---

੨੨. ਮਾੜਾ ਕਰਮ, ਕੁਕਰਮ, ੨੩. ਪ੍ਰਭੂ-ਸੇਵਕਾਂ, ੨੪. ਸ਼ਰਮਸਾਰ, ੨੫. ਮੁਗ਼ਲ, ਮੁਸਲਮਾਨ

*ਕਾਹੇ ਨਾਹੀਂ ਹਿੰਦ ਸੁ ਖੁਨਸ[੭੬] ਮਨਹਿੰ ਆਨਯੋਂ।*
*ਕਾਹੇ ਭੁਜ ਦੰਡ ਭੀ ਆਸਕਤਿ ਭਏ ਤ੍ਰਿਣ ਸਮ,*
*ਕਾਹੇ ਬਡ ਬੋਧ ਕਰਤਵਯ ਨਹੀ ਜਾਨਯੋਂ॥ ੧॥ ੫੨॥*

**ਅਰਥ**: ਦਿੱਲੀ ਵਾਲੇ ਸਿੱਖ ਗੁਰੂ ਜੀ ਤੋਂ ਬੇਮੁਖ ਕਿਉਂ ਹੋ ਗਏ? ਕਿਉਂ ਉਨ੍ਹਾਂ ਇਸਤਰੀ-ਪੁਰਖਾਂ ਨੇ ਗੁਰੂ ਨੂੰ ਸਵੀਕਾਰ ਨਾ ਕੀਤਾ? ਕਿਉਂ ਗੁਰੂ ਤੋਂ ਬੇਮੁਖ ਹੋ ਕੇ ਸਿੱਖਾਂ ਦੇ ਮਨ ਸ਼ਰਮਸਾਰ ਨਹੀਂ ਹੋਏ? ਕੀ ਕਾਰਨ ਸੀ ਜਿਸ ਕਰਕੇ ਤੁਰਕ (ਮੁਗ਼ਲ) ਵੀ ਸਿੱਖਾਂ ਨੂੰ ਪਹਿਚਾਣ ਨਾ ਸਕੇ? ਕਿਉਂ ਨੌਜਵਾਨ ਪੱਥਰ ਵਾਂਗ ਖ਼ਾਮੋਸ਼ ਰਹੇ? ਕਿਉਂ ਹਿੰਦੁਸਤਾਨੀਆਂ ਦੇ ਮਨ ਵਿਚ ਉਬਾਲਾ ਨਾ ਆਇਆ?

ਕਿਉਂ ਉਨ੍ਹਾਂ ਦੀਆਂ ਬਾਹਾਂ ਦੀ ਤਾਕਤ ਤੀਲਿਆਂ ਵਾਂਗ ਕਮਜ਼ੋਰ ਹੋ ਗਈ? ਕਿਉਂ ਉਨ੍ਹਾਂ ਨੇ ਧਰਮ ਹੇਤ ਲੜ-ਮਰ ਕੇ ਸ਼ਹੀਦ ਹੋਣ ਦਾ ਵੱਡਾ ਗਿਆਨ ਮੰਤਵ ਨਹੀਂ ਸਮਝਿਆ?॥ ੧॥ ੫੨॥

*ਯਾਹੀ ਸੁ ਬਿਚਾਰ ਗੁਰ ਮਨ ਲੀਨਾ ਧਾਰ ਅਬ,*
*ਸਿਖ ਕਉ ਅਯੁਧ[੭੭] ਸਭ ਹਾਥ ਪਕੜਾਊਂਗੋ।*
*ਸਾਬਤ ਸਰੂਪ ਸਿਖ ਜਤੀ ਸਤੀ ਹੋਇਗੋ ਔਂ,*
*ਗਿਆਨੀ ਧਿਆਨੀ ਯੋਧਾ ਗੁਰਸਿਖ ਕੋ ਬਨਾਊਂਗੋ।*
*ਕੋਟਨ ਮਹਿ ਸੋਭਾ ਅਰ ਦਿਖ ਪ੍ਰਮਾਨ ਪਾਵੈ,*
*ਐਸੌਂ ਹੀ ਅਨੂਪ ਰੂਪ ਸਿਖ ਕੋ ਸਜਾਊਂਗੋ।*
*ਦੀਨਨ ਕਾ ਸਖਾ ਬਡ ਸਿਖ ਮੇਰੋ ਹੋਇਗੋ ਔਂ,*
*ਦੰਡ ਨੀਤ[੭੮] ਬਿਦਿਆ ਕੋ ਬੋਧ ਕਰਵਾਂਊਗੋ॥ ੨॥ ੫੩॥*

**ਅਰਥ**: ਇਹ ਵਿਚਾਰ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਮਨ ਵਿਚ ਪੱਕਾ ਕਰ ਲਿਆ ਕਿ ਹੁਣ ਮੈਂ ਸਭ ਸਿੱਖਾਂ ਦੇ ਹੱਥ ਵਿਚ ਸ਼ਸਤ੍ਰ ਫੜਾਵਾਂਗਾ। ਸਿੱਖ ਸਾਬਤ ਸੂਰਤ, ਜਤੀ, ਸਤੀ ਹੋਣਗੇ ਅਤੇ ਮੈਂ ਗੁਰਸਿੱਖਾਂ ਨੂੰ ਗਿਆਨੀ-ਧਿਆਨੀ (ਹੋਣ ਦੇ ਨਾਲ-ਨਾਲ) ਯੋਧੇ ਵੀ ਬਣਾਵਾਂਗਾ। ਜਿਸ ਦੀ ਕ੍ਰੋੜਾਂ (ਲੋਕਾਂ) ਵਿਚ ਸੋਭਾ ਤੇ ਦਿੱਖ ਸਿੱਖ ਹੋਣ ਦਾ ਪ੍ਰਮਾਣ ਦੇਵੇ, ਇਸ ਤਰ੍ਹਾਂ ਦਾ ਵਿਲੱਖਣ ਸਰੂਪ ਦੇ ਕੇ ਸਿੱਖ ਨੂੰ ਸਜਾਵਾਂਗਾ। ਮੇਰਾ ਸਿੱਖ ਦੁਖੀਆਂ ਦਾ ਵੱਡਾ ਮਿੱਤਰ ਹੋਵੇਗਾ ਅਤੇ ਮੈਂ ਆਪਣੇ ਸਿੱਖ ਨੂੰ ਰਾਜਨੀਤੀ ਦੰਡ ਵਿੱਦਿਆ ਦਾ ਗਿਆਨ ਵੀ ਬਖ਼ਸ਼ਾਂਗਾ॥ ੨॥ ੫੩॥

*ਕੇਤੇ ਦਿਨ ਦਮਦਮਹਿੰ ਬੈਠਿ ਕੇ,*
*ਸਤਿਗੁਰ ਚਿੰਤਨ ਚੀਤ ਲਗਾਯੋ।*

---

੭੬. ਕ੍ਰੋਧ, ਗ਼ੁੱਸਾ, ਈਰਖਾ, ਉਬਾਲਾ, ੭੭. ਹਥਿਆਰ, ਸ਼ਸਤਰ, ਯੁੱਧ ਵਿਚ ਸਹਾਇਕ ਸੰਖ, ਰਣਸਿੰਘਾ ਆਦਿ, ੭੮. ਰਾਜਨੀਤੀ

*ਤਿਹ ਕਿਛ ਘਿਰਤ[੭੯] ਕਨਾਤ ਕੁਸਾ[੮੦] ਕਉ,*
*ਏਕਠਿ ਕਰਕੈ ਅਗਨਿ ਜਲਾਯੋ।*
*ਅਗਨਿਸਿਖਾ[੮੧] ਅਤਿ ਊਚ ਭਈ ਤਉ,*
*ਮਿਆਨ ਬਿਨਾ ਗੁਰ ਤੇਗ ਲਹਿਰਾਯੋ।*
*ਚਲਤਿ ਭਏ ਦਮਦਮਹਿੰ ਤੈ ਤਬ ਹੀ,*
*ਜੈ ਤੇਗੰ ਜੈ ਤੇਗੰ ਗਾਯੋ॥ ੧॥ ੫੪॥*

**ਅਰਥ :** ਕਈ ਦਿਨ ਦਮਦਮਾ ਸਾਹਿਬ ਵਿਖੇ ਬੈਠ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਮਨ ਵਿਚ ਵਿਚਾਰ ਕੀਤੀ। ਫਿਰ ਇਕ ਦਿਨ ਕੁਝ ਦੱਭ ਤੇ ਘਿਓ ਇਕੱਠਾ ਕਰਕੇ ਅੱਗ ਲਗਾ ਦਿੱਤੀ। ਜਦੋਂ ਅੱਗ ਦੀ ਲਾਟ ਬਹੁਤ ਉੱਚੀ ਉੱਠੀ ਤਾਂ ਸਤਿਗੁਰੂ ਜੀ (ਬਗ਼ੈਰ ਮਿਆਨ ਦੇ) ਨੰਗੀ ਤਲਵਾਰ ਲਹਿਰਾਉਂਦੇ ਤੇ 'ਜੈ ਤੇਗੰ' 'ਜੈ ਤੇਗੰ' ਅਲਾਪਦੇ ਦਮਦਮੇ ਤੋਂ ਚਲ ਪਏ॥ ੧॥ ੫੪॥

*ਜਬ ਕਿਛ ਮਾਤ ਬੰਧ ਸਿਖ ਪੂਛਹਿੰ,*
*ਜੈ ਤੇਗੰ ਜੈ ਤੇਗੰ ਸੁਨਾਯੋ।*
*ਅਬ ਤੈ ਸਿਖ ਜੰਗੀ ਔ ਜੋਗੀ,*
*ਗਿਆਨੀ ਹੋਇਗੋ ਮੁਖਹੁੰ ਅਲਾਯੋ।*
*ਚਾਰਹੁੰ ਦਿਸ ਕਉ ਲਿਖ ਸੰਦੇਸੇ,*
*ਸਤਿਗੁਰ ਸਿਖਹੁੰ ਕੋ ਬੁਲਵਾਯੋ।*
*ਸਸਤਰ ਬਸਤਰ ਔ ਬਰ ਅਸਤ੍ਰ,*
*ਸਬ ਸੰਗ ਆਨੈ ਇਹੈ ਬਤਾਯੋ॥ ੨॥ ੫੫॥*

**ਅਰਥ :** ਹੱਥ ਵਿਚ ਨੰਗੀ ਤਲਵਾਰ ਲਹਿਰਾਉਂਦੇ ਤੇ 'ਜੈ ਤੇਗੰ, ਜੈ ਤੇਗੰ' ਗਾ ਰਹੇ ਸਤਿਗੁਰੂ ਜੀ ਨੂੰ ਵੇਖ ਕੇ ਗੁਰੂ ਜੀ ਵੱਲੋਂ ਰਚੇ ਜਾਂ ਰਚਣ ਵਾਲੇ ਕੌਤਕ ਬਾਰੇ ਜਦੋਂ ਕੁਛ ਮਾਤਾ ਜੀ, ਰਿਸ਼ਤੇਦਾਰ ਤੇ ਸਿੱਖ ਪੁੱਛਣ ਲੱਗੇ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਤੇਗ਼ ਦੀ ਜੈ ਜੈ ਕਾਰ ਸੁਣਾਈ ਤੇ ਦੱਸਿਆ ਕਿ ਹੁਣ ਤੋਂ ਮੇਰੇ ਸਿੱਖ ਜੰਗ ਵਿਚ ਲੜਨ ਵਾਲੇ ਜੋਧੇ, ਨਾਮ-ਅਭਿਆਸੀ ਜੋਗੀ ਤੇ ਗਿਆਨੀ ਹੋਣਗੇ। ਫਿਰ ਸਤਿਗੁਰੂ ਜੀ ਨੇ ਚਾਰੇ ਪਾਸੇ ਹੁਕਮਨਾਮੇ ਭੇਜੇ ਤੇ ਸਿੱਖਾਂ ਨੂੰ ਅਨੰਦਪੁਰ ਸਾਹਿਬ ਵਿਖੇ ਬੁਲਾਇਆ। ਗੁਰੂ ਜੀ ਨੇ ਸਿੱਖਾਂ ਨੂੰ ਨਾਲ ਵਧੀਆ ਸ਼ਸਤਰ ਬਸਤਰ ਤੇ ਘੋੜੇ ਆਦਿ ਲੈ ਕੇ ਆਉਣ ਲਈ ਕਿਹਾ॥ ੨॥ ੫੫॥

*ਆਇ ਜੁਰੇ ਦਮਦਮਹਿੰ ਸੁ ਸਿਖ ਗਨ,*
*ਸਤਿਗੁਰ ਬੀਚ ਦੀਵਾਨ ਸੁਹਾਯੋ।*
*ਧੂਹ ਕ੍ਰਿਪਾਨ ਖੋੜਿ[੮੨] ਤੇ ਬਾਹਰ,*
*ਸਿਖਨ ਕਉ ਮੁਖ ਐਸ ਅਲਾਯੋ।*

---

੭੯. ਘਿਉ, ੮੦. ਦੱਭ, ੮੧. ਅੱਗ ਦੀਆਂ ਲਾਟਾਂ, ੮੨. ਮਿਆਨ।

*ਕੋਊ ਸਿਖ ਹੋਇ ਤਉ ਦੀਜੈ,*
*ਸੀਸ ਮੋਹਿ ਅਬ ਹੀ ਫੁਰਮਾਯੋ।*
*ਦੋਇ ਕਰ ਜੋਰ[੮੩] ਉਠਯੋ ਇਕ ਸੇਵਕ,*
*ਬਿਨਤੀ ਕਰ ਉਰ ਹਰਖ[੮੪] ਮਨਾਯੋ॥ ੩॥ ੫੬॥*

**ਅਰਥ**: ਸਤਿਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਗੁਰਸਿੱਖਾਂ ਦਾ ਵੱਡਾ ਇਕੱਠ ਆਣ ਦਮਦਮਹਿ ਜੁੜਿਆ। ਸਤਿਗੁਰੂ ਜੀ ਵੀ ਆ ਦੀਵਾਨ ਵਿਚ ਸਜੇ। ਫਿਰ (ਸਤਿਗੁਰੂ ਜੀ ਨੇ ਬੜੇ ਜੋਸ਼ ਨਾਲ) ਮਿਆਨ ਵਿੱਚੋਂ ਕ੍ਰਿਪਾਨ ਖਿੱਚ ਕੇ ਬਾਹਰ ਕੱਢੀ ਅਤੇ ਪਾਵਨ ਮੁਖ ਤੋਂ ਸਿੱਖਾਂ ਨੂੰ ਹੁਕਮ ਕੀਤਾ ਕਿ ਕੋਈ ਸਿੱਖ ਮੈਨੂੰ ਹੁਣੇ ਆਪਣਾ ਸਿਰ ਦੇਵੇ। ਇਹ ਸੁਣ ਕੇ ਇਕ ਸਿੱਖ ਦੋਵੇਂ ਹੱਥ ਜੋੜ ਕੇ ਉੱਠ ਖੜ੍ਹਾ ਹੋਇਆ ਤੇ ਮਨ ਵਿਚ ਖ਼ੁਸ਼ੀ ਮਨਾਉਂਦਾ ਬੇਨਤੀ ਕਰਨ ਲੱਗਾ:॥ ੩॥ ੫੬॥

*ਦੀਨ ਦਿਆਲ ਕ੍ਰਿਪਾ ਕੈ ਸਾਗਰ,*
*ਮਮ[੮੫] ਸਿਰ ਕਉ ਨਿਜ ਲੇਖੇ ਪਾਯੋ।*
*ਸਤਿਗੁਰ ਬਾਹਿਂ ਪਕਰ ਤਿਸ ਸਿਖ ਕਉ,*
*ਨਿਕਟ ਤੰਬੂ ਮਹਿਂ ਜਾਇ ਬਿਠਾਯੋ।*
*ਫੁਨ ਦੀਵਾਨ ਮਹਿਂ ਐਸ ਉਚਾਰਾ,*
*ਅਵਰ[੮੬] ਏਕੁ ਕੋਇ ਸੀਸ ਲਗਾਯੋ।*
*ਪੁਨ[੮੭] ਇਕ ਸਿਖ ਕਹੀ[੮੮] ਕਰ ਜੋਰੈ,*
*ਸਤਿਗੁਰ ਸੇਵ ਮੋਹਿ ਏਹੁ ਭਾਯੋ॥ ੪॥ ੫੭॥*

**ਅਰਥ**: ਹੇ ਦੀਨਾਂ 'ਤੇ ਦਇਆ ਕਰਨ ਵਾਲੇ ਕ੍ਰਿਪਾ ਦੇ ਸਾਗਰ ਸਤਿਗੁਰੂ ਜੀ! ਮੇਰੇ ਸਿਰ ਨੂੰ ਆਪਣੇ ਲੇਖੇ ਵਿਚ ਪਾ ਲਵੋ। ਸਤਿਗੁਰੂ ਜੀ ਨੇ ਉਸ ਸਿੱਖ ਨੂੰ ਬਾਹੋਂ ਫੜ ਕੇ ਨੇੜੇ ਤੰਬੂ ਵਿਚ ਜਾ ਬਿਠਾਇਆ। ਫਿਰ ਦੀਵਾਨ ਵਿਚ ਆ ਕੇ ਇਸ ਤਰ੍ਹਾਂ ਬੋਲੇ ਕਿ ਕੋਈ ਇਕ ਹੋਰ ਸਿੱਖ ਆਪਣਾ ਸੀਸ ਸਾਡੇ ਲੇਖੇ ਵਿਚ ਲਾਵੋ। ਦੂਸਰੀ ਵਾਰ ਇਕ ਹੋਰ ਸਿੱਖ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਸਤਿਗੁਰੂ ਜੀ ਇਹ ਸੇਵਾ ਮੈਨੂੰ ਭਾਉਂਦੀ ਹੈ"॥ ੪॥ ੫੭॥

*ਤਿਹ ਭਿ ਸਤਿਗੁਰ ਬਾਹਿਂ ਪਕਰ ਕਰ,*
*ਤੰਬੂ ਭੀਤਰ ਪਕਰ ਪਠਾਯੋ[੮੯]।*
*ਈਵ[੯੦] ਹੀ ਸਤਿਗੁਰ ਪਾਂਚ ਸਿਖਨ ਕਉ,*
*ਤੰਬੂ ਮਹਿਂ ਲੇ ਜਾਤ ਸੁਹਾਯੋ।*
*ਕੇਤੀ ਬਾਰ[੯੧] ਭਈ ਸਤਿਗੁਰ ਤਉ,*
*ਪੁਨ ਤੰਬੂ ਤੇ ਬਾਹਰ ਨ ਆਯੋ।*

---

੮੩. ਹੱਥ ਜੋੜ ਕੇ, ੮੪. ਖ਼ੁਸ਼ੀ, ੮੫. ਮੇਰਾ, ੮੬. ਹੋਰ, ੮੭. ਫਿਰ, ੮੮. ਆਖੀ, ੮੯. ਬਿਠਾਇਆ, ਲੈ ਗਏ, ੯੦. ਇਸ ਤਰ੍ਹਾਂ, ੯੧. ਵਾਰੀ

*ਖੁਸਰ ਮੁਸਰ ਸਿਖਨ ਮਹਿਂ ਹੋਇਹੈਂ,*
*ਪਾਂਚਹੁੰ ਕੋ ਗੁਰ ਮਾਰ ਮੁਕਾਯੋ॥ ੫॥ ੫੮॥*

ਅਰਥ : ਉਸ ਸਿੱਖ ਨੂੰ ਵੀ ਸਤਿਗੁਰੂ ਜੀ ਬਾਹੋਂ ਪਕੜ ਕੇ ਤੰਬੂ ਵਿਚ ਲੈ ਗਏ। ਇਸ ਤਰ੍ਹਾਂ ਸਤਿਗੁਰੂ ਜੀ ਨੇ ਵਾਰੀ-ਵਾਰੀ ਪੰਜਾਂ ਸਿੱਖਾਂ ਨੂੰ ਲਿਜਾ ਕੇ ਤੰਬੂ ਵਿਚ ਬਿਠਾਇਆ। ਕਿੰਨਾ ਚਿਰ ਹੋ ਗਿਆ ਤੇ ਸਤਿਗੁਰ ਜੀ ਫਿਰ ਤੰਬੂ ਤੋਂ ਬਾਹਰ ਨਾ ਆਏ। ਇਹ ਵੇਖ ਕੇ ਦੀਵਾਨ ਵਿਚ ਬੈਠੇ ਸਿੱਖਾਂ ਵਿਚ ਘੁਸਰ-ਮੁਸਰ ਹੋਣ ਲੱਗ ਪਈ ਕਿ ਲੱਗਦਾ ਹੈ ਕਿ ਪੰਜਾਂ ਸਿੱਖਾਂ ਨੂੰ ਗੁਰੂ ਜੀ ਨੇ ਮਾਰ ਮੁਕਾਇਆ ਹੈ॥ ੫॥ ੫੮॥

*ਧੀਰੇ ਧੀਰੇ ਨਿਕਸਨ ਲਾਗੈ,*
*ਜਿਹ ਸਿਖ ਕਾਚਾ ਨਾਮ ਧਰਾਯੋ।*
*ਕਿਛ ਕਿਛ ਬੈਠ ਰਹਯੋ ਨਹਿਂ ਗਮਨੇ,*[੯੨]
*ਕਿਵ ਗੁਰ ਘਰ ਮਹਿਂ ਮਾਨ ਰਹਾਯੋ।*
*ਕਿਛ ਪੂਰੇ ਪ੍ਰੇਮੀ ਪਦ ਪੰਕਜ,*[੯੩]
*ਬੈਠ ਰਹਯੋ ਨਹਿਂ ਬਾਰੀ*[੯੪] *ਆਯੋ।*
*ਅਬ ਕੀ ਬਾਰ ਸੁ ਮੰਚ ਸੁਹਾਏ,*
*ਪਾਂਚ ਸਿਖਨ ਕਉ ਸਿੰਘ ਸਜਾਯੋ॥ ੬॥ ੫੯॥*

ਅਰਥ : ਨਾਮ ਧਰੀਕ/ਕੱਚੇ ਸਿੱਖ ਹੌਲੀ-ਹੌਲੀ ਦੀਵਾਨ ਵਿੱਚੋਂ ਖਿਸਕਣ ਲੱਗੇ। ਕੁਝ ਬੈਠੇ ਰਹੇ, ਉਹ ਨਾ ਗਏ ਕਿ ਕਿਸੇ ਤਰ੍ਹਾਂ ਸਾਡਾ ਗੁਰੂ-ਘਰ ਵਿਚ ਮਾਣ ਰਹਿ ਜਾਵੇ। ਕੁਝ ਪੂਰੇ ਸਿੱਖ ਗੁਰੂ-ਚਰਨਾਂ ਦੇ ਪ੍ਰੇਮੀ ਬੈਠੇ ਰਹੇ ਪਰ ਉਨ੍ਹਾਂ ਦੀ (ਸੀਸ ਭੇਟ ਕਰਨ ਦੀ) ਵਾਰੀ ਨਾ ਆਈ। ਇਸ ਵਾਰ ਸਤਿਗੁਰੂ ਜੀ ਪੰਜਾਂ ਸਿੱਖਾਂ ਨੂੰ ਸਿੰਘ ਸਜਾ ਕੇ (ਤੰਬੂ ਵਿੱਚੋਂ) ਨਾਲ ਲੈ ਕੇ ਸਟੇਜ 'ਤੇ ਆ ਸਜੇ॥ ੬॥ ੫੯॥

*ਬੀਚ ਸਭਾ ਮਹਿਂ ਬੈਠ ਕੇ ਸਤਿਗੁਰ,*
*ਰਹਿਤ ਕੁਰਹਿਤ ਸਬਹਿ ਸਮਝਾਯੋ।*
*ਤੇਜ ਲਿਲਾਟ ਨਿਹਾਰ ਸਿੰਘਨ ਕੇ,*
*ਸਿਖ ਦੁਚਿਤੇ ਅਤਿ ਖੁਣਸਾਯੋ*[੯੫]*।*
*ਪੁਨ ਕੈਸੇ ਸਿਖ ਜੀਵਤ ਭਏ ਹੈਂ,*
*ਸਬਹਿਨ ਕੈ ਮਨ ਅਤਿ ਭਰਮਾਯੋ।*
*ਸਰਧਾਹੀਨ ਭਏ ਅਤਿ ਬੌਨੇ,*[੯੬]
*ਗੁਰ ਮਹਿਮਾ ਕੋ ਭੇਦ ਨ ਪਾਯੋ॥ ੭॥ ੬੦॥*

ਅਰਥ : ਦੀਵਾਨ ਵਿਚ ਬੈਠ ਕੇ ਸਤਿਗੁਰ ਜੀ ਨੇ ਸਿੱਖਾਂ ਨੂੰ ਸਭ ਰਹਿਤਾਂ-ਕੁਰਹਿਤਾਂ ਬਾਰੇ ਸਮਝਾਇਆ। ਸਿੰਘ ਸਜੇ ਹੋਏ ਪੰਜਾਂ ਸਿੱਖਾਂ ਦੇ ਮਸਤਕ ਦਾ ਤੇਜ-ਪ੍ਰਤਾਪ ਵੇਖ ਕੇ

---

੯੨. ਨਹੀਂ ਗਏ, ੯੩. ਚਰਨ ਕੰਵਲ, ੯੪. ਵਾਰੀ, ੯੫. ਔਖੇ, ੯੬. ਨਿੱਕੇ

ਦੋਚਿੱਤੀ ਵਾਲੇ ਸਿੱਖ ਬਹੁਤ ਔਖੇ ਹੋਏ ਕਿ ਫੇਰ ਇਹ ਸਿੱਖ ਜੀਵਤ ਕਿਵੇਂ ਹੋ ਗਏ। ਸਭ ਦੇ ਮਨ ਵਿਚ ਬਹੁਤ ਭਰਮ ਪੈਦਾ ਹੋ ਗਿਆ। ਉਹ ਸ਼ਰਧਾਹੀਣ ਸੋਚ ਪੱਖ ਤੋਂ ਬਹੁਤ ਨਿੱਕੇ ਹੋ ਗਏ। ਉਹ ਲੋਕ ਗੁਰੂ ਜੀ ਦੀ ਮਹਿਮਾ ਨੂੰ ਸਮਝ ਨਾ ਸਕੇ॥ ੭॥ ੬੦॥

**ਸੋਰਠਾ :** *ਸਿਖਨ ਹੇਤ ਪਿਆਰ ਗੁਰ ਦਸਮੇਸ ਕਰਦਾ।*
*ਹੋਯਾ ਨਦਰਿ ਨਿਹਾਲ ਜਿਸ ਨੇ ਦੀਦਾਰ ਪਾ ਲਿਆ॥ ੧॥ ੬੧॥*

**ਅਰਥ :** ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੱਖਾਂ ਨਾਲ ਬਹੁਤ ਪਿਆਰ ਕਰਦੇ ਹਨ। ਜਿਸ ਨੇ ਵੀ ਗੁਰੂ ਜੀ ਦੇ ਦਰਸ਼ਨ ਕਰ ਲਏ, ਉਹ ਗੁਰੂ ਦੀ ਮਿਹਰ ਭਰੀ ਨਜ਼ਰ ਨਾਲ ਨਿਹਾਲ ਹੋ ਗਿਆ॥ ੧॥ ੬੧॥

*ਚਲਹੁ ਅਨੰਦਪੁਰ ਸਹਿਰ ਚੰਨ ਮਾਹੀ ਸਦ ਕਰਦਾ।*
*ਜਾਗੇ ਪਹਿਲੇ ਪਹਿਰ ਮਾਹੀ ਦਾ ਦੀਦਾਰ ਹੋ ਗਿਆ॥ ੨॥ ੬੨॥*

**ਅਰਥ :** ਹੇ ਭਾਈ! ਆਓ, ਅਨੰਦਪੁਰ ਸਾਹਿਬ ਚੱਲੀਏ, ਮੇਰਾ ਚੰਨ ਮਾਹੀ/ਦਸਮ ਗੁਰੂ ਅਵਾਜ਼ ਮਾਰ ਰਿਹਾ ਹੈ। ਹੇ ਭਾਈ! ਜਦੋਂ ਪਹਿਲੇ ਪਹਿਰ ਜਾਗ (ਤੇ ਸੁਰਤਿ ਗੁਰੂ ਜੀ ਦੇ ਸ਼ਬਦ ਨਾਲ ਜੋੜੀ) ਤਾਂ ਸਤਿਗੁਰੂ ਜੀ ਦੇ ਦਰਸ਼ਨ ਹੋ ਗਏ॥ ੨॥ ੬੨॥

**ਅੜਿਲ :** *ਗੁਰ ਸਿਖ ਧੂਰ ਲਿਲਾਟ ਨਿਮਰਤਾ ਲਾਵਈ।*
*ਸਤਿ ਸੰਗਤਿ ਗੁਣ ਗਿਆਨ ਚਤੁਰਤਾ ਆਵਈ।*
*ਸਤਿ ਸੰਗਤਿ ਕੀ ਸੇਵ ਸਰੀਰ ਪਵਿਤ੍ਰਾ।*
*ਸਤਿ ਸੰਗਤਿ ਕੈ ਸੰਗ ਸੇਵਕ ਭੀ ਤਰਾ॥ ੧॥ ੬੩॥*

**ਅਰਥ :** ਗੁਰੂ ਦਾ ਸਿੱਖ ਗੁਰੂ-ਚਰਨਾਂ ਦੀ ਧੂੜ ਆਪਣੇ ਮਸਤਕ 'ਤੇ ਨਿਮਰਤਾ ਸਹਿਤ ਲਗਾਉਂਦਾ ਹੈ। ਸਤਿ ਸੰਗਤ ਵਿਚ ਜਾ ਕੇ ਸਿੱਖ ਨੂੰ ਸ਼ੁਭ ਗੁਣ, ਗਿਆਨ ਤੇ ਸਿਆਣਪ ਪ੍ਰਾਪਤ ਹੁੰਦੀ ਹੈ। ਸਤਿ ਸੰਗਤ ਦੀ ਸੇਵਾ ਕਰਨ ਨਾਲ ਸਰੀਰ ਪਵਿੱਤਰ ਹੋ ਜਾਂਦਾ ਹੈ। ਸੇਵਾ-ਸਿਮਰਨ ਕਰਨ ਵਾਲਾ ਸਿੱਖ ਵੀ ਸਤਿ ਸੰਗਤ ਦੇ ਨਾਲ ਭਵਸਾਗਰ ਤਰ ਜਾਂਦਾ ਹੈ॥ ੧॥ ੬੩॥

*ਸਤਿ ਸੰਗਤਿ ਪ੍ਰਸਾਦਿ ਮੋਹਿ ਗੁਰ ਦੀਜਯੋ।*
*ਸਤਿ ਸੰਗਤਿ ਪਦ ਧੂਰ[੯੭] ਪ੍ਰਭੂ ਮੋਹਿ ਕੀਜਯੋ[੯੮]।*
*ਦੁਸਟ ਦਮਨ ਰਣ ਖੇਤ ਤਵ ਬਲ ਤੈ ਕਰੂੰ।*
*ਪ੍ਰਮਾਰਥ ਕੇ ਹੇਤੁ[੯੯] ਰਣ ਮਹਿੰ ਧਰ ਪਰੂੰ॥ ੨॥ ੬੪॥*

**ਅਰਥ :** ਹੇ ਸਤਿਗੁਰੂ ਜੀਓ! ਕ੍ਰਿਪਾ ਕਰਕੇ ਮੈਨੂੰ ਸਤਿ ਸੰਗਤ (ਕਰਨ ਦੀ ਦਾਤ) ਬਖ਼ਸ਼ੋ। ਹੇ ਪ੍ਰਭੂ! ਮੈਨੂੰ ਸਤਿ ਸੰਗਤ ਦੇ ਚਰਨਾਂ ਦੀ ਧੂੜ ਬਣਾ ਦੇਵੋ। ਤੁਹਾਡੇ ਬਲ ਬਖ਼ਸ਼ਿਸ਼

---

੯੭. ਚਰਨ-ਧੂੜ, ੯੮. ਕਰ ਦੇਵੋ, ਬਣਾ ਦੇਵੋ, ੯੯. ਪਿਆਰ, ਵਾਸਤੇ, ਹਿਤ

ਦੁਆਰਾ ਮੈਂ ਜੰਗ ਦੇ ਮੈਦਾਨ ਵਿਚ ਦੁਸ਼ਟਾਂ ਦਾ ਨਾਸ ਕਰਾਂ ਤੇ ਧਰਮ/ਪਰਮਾਰਥ ਹਿਤ ਰਣ ਵਿਚ ਪ੍ਰਾਣ ਤਿਆਗਾਂ॥ ੨॥ ੬੪॥

**ਕਬਿਤ :** *ਧਰਮ ਕਰਮ ਪੁੰਨ ਦਾਨ ਇਸਨਾਨ ਸਬਹਿ,*
*ਹਾਥਨ[੧੦੦] ਤੁਫੰਗ[੧੦੧] ਤਰਵਾਰ ਕਉ ਪਹਿਚਾਨ ਹੂੰ।*
*ਤਬਕ ਤਬਰ ਖੰਡੋ ਤੀਰ ਅਰ ਸੈਫ ਸੈਥੀ,*
*ਇਨਹੀ ਕੈ ਸੰਗ ਸਚਾਨੰਦ ਪ੍ਰਮਾਨ ਹੂੰ।*
*ਅਸ ਕ੍ਰਿਪਾਨ ਅਰ ਖੜਗ ਸਰੋਹੀ ਜੇਤੇ,*
*ਪੀਰਨ ਕੇ ਪੀਰ ਸਾਖੀ ਜੀਤ ਕੀ ਹਉ ਜਾਨ ਹੂੰ।*
*ਇਨ ਹੀ ਕਉ ਚੀਤ ਧਰ ਉਤਰਹੂੰ ਮੈਦਾਨਿ ਜਬਹਿ,*
*ਇਨ ਹੀ ਕੈ ਬਲ ਸਬਹਿ ਜੁਧ ਜਿਤੇ ਮਾਨ ਹੂੰ॥ ੧॥ ੬੫॥*

**ਅਰਥ :** (ਸਤਿਗੁਰੂ ਜੀ ਦੀ ਕ੍ਰਿਪਾ ਨਾਲ) ਮੈਂ ਧਰਮ ਕਰਮ ਪੁੰਨ ਦਾਨ ਇਸ਼ਨਾਨ ਸਭ ਤੇ ਹੱਥਾਂ ਵਿਚ ਬੰਦੂਕ, ਤਲਵਾਰ, ਫੜਨ ਦਾ ਮਕਸਦ ਪਹਿਚਾਣਿਆ ਹੈ। ਤਬਕ ਤਬਰ ਖੰਡਾ ਤੀਰ ਅਤੇ ਸੈਫ ਸੈਥੀ ਇਨ੍ਹਾਂ ਦੇ ਨਾਲ ਸੱਚੇ ਅਨੰਦ ਦਾ ਪ੍ਰਗਟਾਵਾ ਹੈ। ਅਸ ਕ੍ਰਿਪਾਨ ਅਤੇ ਖੜਗ ਸਰੋਹੀ ਆਦਿ ਜਿੰਨੇ ਸ਼ਸਤਰ-ਅਸਤ੍ਰ ਹਨ ਮੈਂ ਇਨ੍ਹਾਂ ਨੂੰ ਪੀਰ ਦੇ ਪੀਰ ਤੇ ਜਿੱਤ ਦੇ ਗਵਾਹ ਜਾਣਿਆ ਹੈ। ਇਨ੍ਹਾਂ ਨੂੰ ਚਿੱਤ ਵਿਚ ਰੱਖ ਕੇ ਜਦੋਂ ਜੰਗ ਦੇ ਮੈਦਾਨ ਵਿਚ ਜਾਵਾਂ ਤਾਂ ਇਨ੍ਹਾਂ ਦੇ ਬਲ ਨਾਲ ਸਭ ਜੁੱਧ ਜਿੱਤੇ ਮੰਨਦਾ ਹਾਂ॥ ੧॥ ੬੫॥

**ਦੋਹਿਰਾ :** *ਤੇਗ ਤੂ ਹੀ ਤੂ ਹੀ ਤਬਰ ਤੂ ਬੰਦੂਕ ਹਮਾਰ।*
*ਤੇਰਹਿ ਹੀ ਬਲ ਜੀਤ ਹੈ ਜਯਤੇ ਕੀ ਜਯਕਾਰ॥ ੧॥ ੬੬॥*

**ਅਰਥ :** ਹੇ ਪਰਮਾਤਮਾ! ਮੇਰੇ ਲਈ ਤੂੰ ਹੀ ਮੇਰੀ ਤੇਗ, ਤਬਰ ਤੇ ਬੰਦੂਕ ਹੈਂ ਅਤੇ ਤੇਰੇ ਬਲ-ਪ੍ਰਤਾਪ ਨਾਲ ਹੀ ਤੇਰੇ ਸੇਵਕ ਜੈਤੇ ਦੀ ਜੈ ਜੈ ਕਾਰ ਹੈ॥ ੧॥ ੬੬॥

*ਬਿਪ ਨਾਰੀ[੧੦੨] ਹਰ ਲੀਨ ਹੈਂ ਤੁਰਕ ਕੁਮਤਿ ਕਰੇਇੰ।*
*ਅਵਰਨ ਮਤਿ ਖੰਡਿਤ[੧੦੩] ਕਰੇ ਸੰਤ ਜਨਾਂ ਦੁਖ ਦੇਇੰ॥ ੨॥ ੬੭॥*

**ਅਰਥ :** ਮੰਦੀ ਮਤਿ ਵਾਲੇ ਤੁਰਕ ਨੇ ਇਕ ਬ੍ਰਾਹਮਣ ਦੀ ਇਸਤਰੀ ਖੋਹ ਲਈ, ਤੁਰਕ ਦੂਜਿਆਂ ਦੇ ਧਰਮ ਖੰਡਿਤ ਕਰਦਾ ਸੀ ਤੇ ਸਾਧੂ-ਸੇਵਕਾਂ ਨੂੰ ਦੁਖੀ ਕਰਦਾ ਸੀ॥ ੨॥ ੬੭॥

*ਵਾਹਿਗੁਰੁ ਮੁਖ ਤੇ ਬੋਲਿਕੈ ਲੀਨੀ ਖੜਗ ਨਿਕਾਰ।*
*ਹੋ ਹਲੇ ਮਹਿੰ ਰਣ ਬਿਖੇ[੧੦੪] ਕੀਨਾ ਤੁਰਕ ਸੰਘਾਰ॥ ੩॥ ੬੮॥*

**ਅਰਥ :** (ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ) ਵਾਹਿਗੁਰੂ ਬੋਲ ਕੇ

੧੦੦. ਹੱਥਾਂ, ੧੦੧. ਬੰਦੂਕ, ੧੦੨. ਬ੍ਰਾਹਮਣ ਦੀ ਇਸਤਰੀ, ੧੦੩. ਤੋੜਦਾ, ਭ੍ਰਿਸ਼ਟ ਕਰਦਾ, ੧੦੪. ਵਿਚ।

(ਮਿਆਨ ਵਿਚੋਂ) ਤਲਵਾਰ ਕੱਢ ਲਈ ਤੇ ਹੱਲਾ ਕਰਕੇ ਜੰਗ ਵਿਚ ਤੁਰਕ ਨੂੰ ਮਾਰ-ਮੁਕਾਇਆ॥ ੩॥ ੬੮॥

*ਬਿਪ ਨਾਰੀ ਕਉ ਮੁਕਤਿ ਕਰ ਲਾਇ ਗੁਰ ਦਰਬਾਰਿ।*
*ਤਿਹ ਦੀਨੀ ਭਰਤਾਰ[੧੦੫] ਕਉ ਦੀਨ ਉਧਾਰਣਹਾਰ॥ ੪॥ ੬੯॥*

**ਅਰਥ :** ਬ੍ਰਾਹਮਣ ਦੀ ਪਤਨੀ ਨੂੰ ਅਜ਼ਾਦ ਕਰਵਾ ਕੇ ਗੁਰੂ ਜੀ ਦੇ ਦਰਬਾਰ ਵਿਚ ਲੈ ਆਂਦਾ ਤੇ ਦੀਨਾਂ ਦੇ ਦੁੱਖ ਨਿਵਾਰਨਹਾਰੇ ਸਤਿਗੁਰੂ ਜੀ ਨੇ ਉਹ ਇਸਤਰੀ ਉਸ ਦੇ ਪਤੀ/ਬ੍ਰਾਹਮਣ ਨੂੰ ਸੌਂਪ ਦਿੱਤੀ॥ ੪॥ ੬੯॥

*ਅਬ ਬਿਲੰਬ[੧੦੬] ਨ ਕੀਜੀਏ ਨੰਦਪੁਰੀ ਕੈ ਰਾਇ।*
*ਆਇਸ ਮੋ ਕਉ ਦੀਜੀਏ ਹਨੂ[੧੦੭] ਤੁਰਕ ਕਉ ਜਾਇ॥ ੫॥ ੭੦॥*

**ਅਰਥ :** ਹੇ ਅਨੰਦਪੁਰ ਸਾਹਿਬ ਦੇ ਸੁਆਮੀ! ਹੁਣ ਦੇਰੀ ਨਾ ਕਰੋ ਤੇ ਕ੍ਰਿਪਾ ਕਰਕੇ ਮੈਨੂੰ ਦਾਸ ਨੂੰ ਹੁਕਮ ਦਿਓ ਕਿ ਮੈਂ ਜਾ ਕੇ ਤੁਰਕਾਂ ਦਾ ਨਾਸ ਕਰਾਂ॥ ੫॥ ੭੦॥

*ਹੇ ਸਤਿਗੁਰ ਕਾਰਨ ਕਰਨ ਏਹੁ ਬਰ[੧੦੮] ਦੀਜੈ ਮੋਹਿ।*
*ਡੰਕ ਬਜਾਊਂ ਜੀਤ ਕਾ ਤਉ ਮੁਖ ਪੇਖੂੰ ਤੋਹਿ॥ ੬॥ ੭੧॥*

**ਅਰਥ :** ਹੇ ਕਰਨ ਤੇ ਕਰਾਵਣਹਾਰੇ ਸਤਿਗੁਰੂ ਜੀਓ! ਮੈਨੂੰ ਸੇਵਕ ਨੂੰ ਅਸ਼ੀਰਵਾਦ ਬਖ਼ਸ਼ੋ ਕਿ ਜਿੱਤ ਦਾ ਡੰਕਾ ਵਜਾਉਣ ਉਪਰੰਤ ਆਪ ਜੀ ਦੇ ਦਰਸ਼ਨ ਕਰਾਂ॥ ੬॥ ੭੧॥

*ਖੜਗ ਗੋਦ ਮਹਿ ਬੈਠਿ ਕੈ ਨਹਿੰ ਬਿਆਪੈ ਸੋਕ।*
*ਮੁਕਤੀ ਕਾ ਦਾਤਾ ਪ੍ਰਭੁ ਦੋਹੂੰ ਲੋਕ ਪ੍ਰਲੋਕ॥ ੭॥ ੭੨॥*

**ਅਰਥ:** ਖੜਗ ਰੂਪ ਪਰਮਾਤਮਾ ਦੀ ਗੋਦ ਵਿਚ ਬੈਠ ਕੇ ਕਿਸੇ ਪ੍ਰਕਾਰ ਦਾ ਸੋਗ/ਅੰਦੇਸ਼ਾ ਨਹੀਂ ਬਿਆਪਦਾ ਅਤੇ ਦੋਵੇਂ ਥਾਵਾਂ ਲੋਕ-ਪ੍ਰਲੋਕ ਵਿਖੇ ਮੋਖ ਪਦਵੀ ਦੀ ਦਾਤ ਬਖ਼ਸ਼ਣ ਵਾਲਾ ਕੇਵਲ ਇਕ ਅਕਾਲ ਪੁਰਖ ਹੈ॥ ੭॥ ੭੨॥

*ਦਾਨੀ ਔ ਯੁਧਵੀਰ ਕੀ ਕੀਰਤਿ ਹੈ ਤ੍ਰੈਭਾਉਨ[੧੦੯]।*
*ਅਰ ਕੇਤੇ ਜਨਮਹਿੰ ਮਰਹਿੰ ਤਿਨ ਕਉ ਜਾਨਹਿੰ ਕਉਨ॥ ੮॥ ੭੩॥*

**ਅਰਥ :** (ਪ੍ਰਭੂ ਦੇ ਪਿਆਰੇ) ਦਾਨੀ ਤੇ ਸੂਰਬੀਰ (ਬੰਦੇ) ਦੀ ਮਹਿਮਾ ਤਿੰਨਾਂ ਲੋਕਾਂ ਵਿਚ ਹੁੰਦੀ ਹੈ। ਭਾਵੇਂ ਹੋਰ ਕਿੰਨੇ ਵੀ ਜਨਮਦੇ-ਮਰਦੇ ਹਨ, ਉਨ੍ਹਾਂ ਨੂੰ ਕੋਈ ਨਹੀਂ ਜਾਣਦਾ॥ ੮॥ ੭੩॥

*ਜਯਤੇ ਸਰਵ ਉਤਮ ਧਰਮ ਜੁਝਨ ਬੀਚ ਮੈਦਾਨਿ।*
*ਜੋ ਰਣ ਤੈ ਮੁਖ ਫੇਰ ਹੈਂ ਖੋਵਹਿੰ ਦੀਨ ਇਮਾਨੁ॥ ੯॥ ੭੪॥*

---

੧੦੫. ਪਤੀ, ੧੦੬. ਦੇਰ, ੧੦੭. ਮਰਨਾ, ਕਤਲ ਕਰਨਾ, ੧੦੮. ਅਸ਼ੀਰਵਾਦ, ੧੦੯. ਤਿੰਨਾਂ ਲੋਕਾਂ ਵਿਚ।

**ਅਰਥ :** ਹੇ ਜੈਤੇ! (ਸੰਸਾਰੀ ਤੇ ਵਿਕਾਰੀ ਦੁਸ਼ਮਣਾਂ ਨਾਲ) ਜੰਗ ਦੇ ਮੈਦਾਨ ਵਿਚ ਜੂਝਣਾ ਸਭ ਤੋਂ ਉੱਤਮ ਧਰਮ ਹੈ। ਜੋ ਇਸ ਰਣ ਭੂਮੀ ਵਿੱਚੋਂ ਮੂੰਹ ਫੇਰ ਜਾਵੇ, ਉਹ ਆਪਣਾ ਸਭ ਦੀਨ-ਈਮਾਨ ਗੁਆ ਲੈਂਦਾ ਹੈ॥ ੯॥ ੭੪॥

**ਕਬਿਤ :** *ਕ੍ਰੋਧ ਅੰਹਕਾਰ ਔ ਬਿਕਾਰ ਪ੍ਰਵੇਸ ਉਰ,*
*ਭ੍ਰਿਕੁਟੀ ਚਢਾਇ ਭੀਮ ਚੰਦ ਫੀਕ ਬੋਲਈ।*
*ਨੈਨਨ ਲੋਹਿਤ[੧੧੦] ਕਰ ਹੋਠਨ[੧੧੧] ਕਉ ਕਾਟਤ ਹੈ,*
*ਜਰੇ ਜਨ ਪਾਵਕ[੧੧੨] ਭੁਝੰਗ[੧੧੩] ਬਿਖ ਘੋਲਈ।*
*ਗੁਰੂ ਜੀ ਗੰਭੀਰ ਉਰ ਸਾਗਰ ਕੋ ਨੀਰ ਸਮ,*
*ਓਟ ਪ੍ਰਭ ਰਾਖੁ ਨਹਿੰ ਕਿੰਚਤ ਭਿ ਡੋਲਈ।*
*ਸਿਖਨ ਕੀ ਸਭਾ ਬੇਗ ਗੁਰੂ ਜੀ ਬੁਲਾਤ ਭਏ,*
*ਕਾਲ ਕੋ ਨਿਹਾਰ ਸਬਹਿ ਬੀਰ ਪਰ ਤੋਲਈ॥ ੧॥ ੭੫॥*

**ਅਰਥ :** ਵਿਕਾਰਾਂ ਨਾਲ ਭਰੇ ਹਿਰਦੇ ਵਾਲਾ (ਰਾਜਾ) ਭੀਮ ਚੰਦ ਕ੍ਰੋਧ ਤੇ ਅਹੰਕਾਰ ਵਿਚ ਭਰਵੱਟੇ ਚੜ੍ਹਾ ਕੇ ਰੁੱਖਾ ਬੋਲਦਾ ਸੀ। ਲੋਹ ਲਾਖੀਆਂ ਅੱਖਾਂ ਕਰਕੇ ਬੁੱਲ੍ਹ ਟੁੱਕਦਾ ਸੀ। ਇੰਝ ਲੱਗਦਾ ਸੀ ਜਿਵੇਂ ਅੱਗ ਵਿਚ ਸੜਦਾ ਸੱਪ ਜ਼ਹਿਰ ਘੋਲਦਾ ਹੈ, ਪਰ ਗੁਰੂ ਜੀ ਦਾ ਹਿਰਦਾ ਸਮੁੰਦਰ ਦੇ ਪਾਣੀ ਵਾਂਗ ਗਹਿਰ-ਗੰਭੀਰ ਸੀ। ਪ੍ਰਭੂ ਦੀ ਓਟ ਰੱਖ ਕੇ ਗੁਰੂ ਜੀ ਕਿਨਕਾ ਮਾਤਰ ਵੀ ਨਾ ਡੋਲੇ (ਭਾਵ ਆਪਣੇ ਸਿਧਾਂਤਾਂ 'ਤੇ ਸਥਿਰ ਸਨ) ਸਤਿਗੁਰੂ ਜੀ ਨੇ ਝੱਟ ਆਪਣੇ ਸਿੱਖਾਂ ਦੀ ਸਭਾ ਬੁਲਾਈ ਤੇ ਸਮੇਂ ਨੂੰ ਵੇਖ ਕੇ ਸਭ ਯੋਧੇ ਤਿਆਰ-ਬਰ-ਤਿਆਰ ਹੋ ਗਏ॥ ੧॥ ੭੫॥

**ਸਵੈਯਾ :** *ਅਬ ਕੂਟ ਨੀਤ[੧੧੪] ਔਰੰਗ ਸੁਨੋ,*
*ਯਾ ਬਿਚਾਰ ਲੀਆ ਇਸਲਾਮ ਚਲੇ।*
*ਜਹਿੰ ਜਹਿੰ ਬਡ ਬਿਪਰਨ ਪੁੰਜ ਹੁਤੇ,*
*ਬਹੁਤ ਵ੍ਯਯ ਕੀਆ ਧਨ ਧਾਨ ਚਲੇ।*
*ਧਨ ਧਾਨ੍ਯ ਭੀ ਜਹਿੰ ਵਿਫਲ ਭਏ,*
*ਭੀਰੁਨ ਦੰਡ ਦੈ ਡਰਪਾਨ ਚਲੇ।*
*ਧਨ ਦੰਡ ਭੀ ਵਿਫਲ ਭਏ ਜਬ ਤਉ,*
*ਬਲ ਪੂਰਵਕ ਬਿਪਰ ਨਿਸਾਨ ਦਲੇ॥ ੧॥ ੭੬॥*

**ਅਰਥ :** ਹੇ ਭਾਈ! ਹੁਣ ਔਰੰਗਜ਼ੇਬ ਦੀ ਕੂਟਨੀਤੀ ਬਾਰੇ ਸੁਣੋ ਕਿ ਉਸ ਨੇ ਇਹ ਵਿਚਾਰ ਲਿਆ ਕਿ ਹਰ ਪਾਸੇ ਇਸਲਾਮ ਧਰਮ ਹੀ ਚੱਲੇ। ਜਿੱਥੇ-ਜਿੱਥੇ ਬ੍ਰਾਹਮਣਾਂ ਦੇ ਵੱਡੇ ਗੜ੍ਹ ਹਨ, ਉੱਥੇ ਇਹ ਕੀਤਾ ਕਿ ਉਨ੍ਹਾਂ ਨੂੰ ਪੈਸੇ/ਲਾਲਚ ਦੇ ਕੇ ਮੁਸਲਮਾਨ ਬਣਾ ਲਿਆ ਜਾਵੇ। ਜਿੱਥੇ ਧਨ-ਲਾਲਚ ਨਾਲ ਵੀ ਉਨ੍ਹਾਂ (ਬ੍ਰਾਹਮਣਾਂ) ਨੂੰ ਦੀਨੋ-ਬਦੀਨ

---

੧੧੦. ਲੋਹੇ-ਲਾਖੇ, ੧੧੧. ਬੁੱਲ੍ਹ, ੧੧੨. ਅੱਗ, ੧੧੩. ਸੱਪ, ੧੧੪. ਕੂਟਨੀਤੀ

ਕਰਨ ਵਿਚ ਅਸਫਲਤਾ ਮਿਲੇ ਉੱਥੇ ਡਰਪੋਕਾਂ ਨੂੰ ਤਸ਼ੱਦਦ ਕਰ ਕੇ ਡਰਾਇਆ/ਧਮਕਾਇਆ ਜਾਵੇ। ਜੇਕਰ ਪੈਸੇ ਦਾ ਲਾਲਚ ਤੇ ਮੌਤ ਦਾ ਡਰ/ਤਸ਼ੱਦਦ ਵੀ ਕਾਮਯਾਬ ਨਾ ਹੋਵੇ ਤਾਂ ਪੂਰੇ ਜ਼ੋਰ ਨਾਲ ਬ੍ਰਾਹਮਣਾਂ ਦਾ ਨਾਮ-ਨਿਸ਼ਾਨ ਵੀ ਕੁਚਲ ਦਿੱਤਾ ਜਾਵੇ॥ ੧॥ ੭੬॥

*ਕਰ ਪਰਚਮ[੧੧੫] ਲੀਏ ਗੋਬਿੰਦ ਹਰਿ ਕੋ,*
*ਉਪਦੇਸ ਕੀਆ ਹਰਿ ਜੂ ਹਰਿ ਕੇਰਾ।*
*ਜਬ ਡੰਕ ਬਜਾ ਚਹੁੰ ਕੂਟਨ ਮਹਿੰ,*
*ਔਰੰਗ ਰਿਦੇ ਅਤਿ ਕੀਆ ਬਖੇਰਾ।*
*ਮਨ ਧਾਰਿ ਅਨੀਤ ਔਰੰਗ ਸਾਹੁ,*
*ਗਿਰਿ ਰਾਜਨ[੧੧੬] ਸੰਕ ਦੀਓ ਮਨ ਝੇਰਾ।*
*ਕੈ ਅੰਤ ਕਰੋ ਗੁਰ ਗੋਬਿੰਦ ਕੋ,*
*ਕੈ ਜਾਨ ਲੇਹੁ ਨਿਜ ਅੰਤ ਨਿਬੇਰਾ॥ ੨॥ ੭੭॥*

ਅਰਥ : ਹੱਥ ਵਿਚ ਨਿਸ਼ਾਨ ਸਾਹਿਬ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਪਰਮਾਤਮਾ ਵੱਲੋਂ ਬਖ਼ਸ਼ਿਆ ਉਪਦੇਸ਼ ਸਿੱਖਾਂ ਨੂੰ ਦਿੱਤਾ। ਸਰਬ-ਸਾਂਝੇ ਗੁਰਮਤਿ ਪ੍ਰਚਾਰ ਦੇ (ਡੰਕੇ ਚਾਰੇ ਪਾਸੇ ਵੱਜੇ ਤਾਂ ਇਹ ਸੁਣ ਕੇ ਔਰੰਗਜ਼ੇਬ ਦੇ) ਹਿਰਦੇ ਵਿਚ ਬੜਾ ਦੁੱਖ-ਕਲੇਸ਼ ਪੈਦਾ ਹੋਇਆ। ਫਿਰ ਔਰੰਗਜ਼ੇਬ ਨੇ ਮਨ ਵਿਚ ਭੈੜੀ ਨੀਤੀ ਧਾਰ ਕੇ ਪਹਾੜੀ ਰਾਜਿਆਂ ਦੇ ਮਨ ਵਿਚ ਡਰ ਭਰ ਦਿੱਤਾ ਕਿ ਜਾਂ ਤਾਂ ਤੁਸੀਂ ਗੁਰੂ ਗੋਬਿੰਦ ਸਿੰਘ ਨੂੰ ਖ਼ਤਮ ਕਰ ਦੇਵੋ ਜਾਂ ਫਿਰ ਜਾਣ ਲਵੋ ਕਿ ਤੁਹਾਡਾ ਅੰਤ ਆ ਗਿਆ ਹੈ॥ ੨॥ ੭੭॥

*ਗਿਰਿ ਈਸਨ[੧੧੭] ਸੁਨੋ ਬਿਚਾਰ ਕੀਆ,*
*ਯਦਪਿ ਗੁਰ ਨਾਨਕ ਪੰਥ ਹਿਤਕਾਰੀ।*
*ਤਦਪਿ ਕਿਛ ਐਸ ਉਪਾਇ ਕਰਹੁ,*
*ਨਹਿੰ ਰਾਜਨ ਭਾਸਹਿੰ ਕਬਹੂੰ ਖੁਆਰੀ।*
*ਅਤਿ ਸੋਚ ਬਿਚਾਰ ਗੰਭੀਰ ਕੀਆ,*
*ਕਿਹ ਬਿਧਿ ਆਰੋਪ[੧੧੮] ਗੁਰੂ ਕੋਇ ਡਾਰੀ।*
*ਗੁਰੂ ਹਰਿ ਕੋ ਨਾਮ ਜਪਾਇੰ ਸਹੀ,*
*ਅਰ ਸਹੀ ਗੁਰੂ ਗੋਬਿੰਦ ਪਰਉਪਕਾਰੀ॥ ੩॥ ੭੮॥*

ਅਰਥ : (ਔਰੰਗਜ਼ੇਬ ਦਾ ਹੁਕਮ) ਸੁਣ ਕੇ ਪਹਾੜੀ ਰਾਜਿਆਂ ਨੇ ਵਿਚਾਰ ਕੀਤਾ ਕਿ ਜਦ ਗੁਰੂ ਨਾਨਕ ਦੇਵ ਜੀ ਦਾ ਪੰਥ ਹਿਤਕਾਰੀ ਹੈ ਤਦ ਕੋਈ ਐਸਾ ਹੱਲ ਕਰੀਏ ਕਿ ਜਿਸ ਨਾਲ ਰਾਜਿਆਂ ਦੀ ਖੁਆਰੀ ਹੁੰਦੀ ਨਾ ਜਾਪੇ। ਉਨ੍ਹਾਂ ਨੂੰ ਇਸ ਸੋਚ-ਵਿਚਾਰ ਨੇ ਬਹੁਤ ਗੰਭੀਰ ਕੀਤਾ ਕਿ ਕਿਹੜੇ ਢੰਗ ਨਾਲ ਗੁਰੂ ਜੀ 'ਤੇ ਕੋਈ ਇਲਜ਼ਾਮ ਲਗਾਈਏ।

---

੧੧੫. ਨਿਸ਼ਾਨ ਸਾਹਿਬ, ੧੧੬. ਪਹਾੜੀ ਰਾਜੇ, ੧੧੭. ਪਹਾੜੀ ਰਾਜਿਆਂ, ੧੧੮. ਦੋਸ਼

ਕਿਉਂਕਿ ਗੁਰੂ ਜੀ ਤਾਂ ਸਹੀ ਰੂਪ ਵਿਚ ਪਰਮਾਤਮਾ ਦਾ ਨਾਮ ਜਪਾਉਂਦੇ ਹਨ ਅਤੇ ਸਹੀ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਪਰਉਪਕਾਰੀ ਵੀ ਹਨ॥ ੩॥ ੭੮॥

*ਕਿਛੁ ਕਾਰਣ ਹਾਥ ਨਾ ਆਯੋ ਜਬੈ,*
*ਗਿਰਿ ਰਾਜਨ ਬਾਦ*[੧੧੯] *ਨਗਾਰਹਿ ਕੀਨਾ।*
*ਮਤ ਡੰਕ ਮ੍ਰਦੰਗ*[੧੨੦] *ਬਜਾਓ ਪ੍ਰਭੂ,*
*ਅਤਿ ਨਾਦ ਭਿਆਨ ਉਠਹਿ ਪ੍ਰਬੀਨਾ।*
*ਕਿਤ ਅਵਰ ਗ੍ਰਿਹ ਬਿਸ੍ਰਾਮ ਕਰਹੁ,*
*ਰਿਦ ਧਾਰ ਅਖੇਟ*[੧੨੧] *ਆਯੁਧ ਸੁ ਚੀਨਾ।*
*ਅਬ ਕਸਟ ਹਰੋ ਗਿਰਿ ਰਾਜਨ ਕੈ,*
*ਪ੍ਰਸਥਾਨ*[੧੨੨] *ਕਰਹੁ ਅਬ ਥਾਨ ਸੁ ਭੀਨਾ॥ ੪॥ ੭੯॥*

**ਅਰਥ :** ਜਦੋਂ ਗੁਰੂ ਜੀ ਉੱਪਰ ਕੋਈ ਇਲਜ਼ਾਮ ਲਗਾਉਣ ਦਾ ਕਾਰਨ ਹੱਥ ਨਾ ਆਇਆ ਤਾਂ ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਰਣਜੀਤ ਨਗਾਰਾ ਵਜਾਉਣ ਤੋਂ ਝਗੜਾ ਖੜ੍ਹਾ ਕਰ ਲਿਆ ਕਿ ਗੁਰੂ ਜੀ ਤੁਸੀਂ ਨਗਾਰੇ 'ਤੇ ਚੋਟ ਨਾ ਲਗਾਓ ਕਿਉਂਕਿ ਬੜੀ ਭਿਆਨਕ ਅਵਾਜ਼ ਪੈਦਾ ਹੁੰਦੀ ਹੈ। ਇਸ ਕਰਕੇ ਤੁਸੀਂ ਕਿਸੇ ਹੋਰ ਪਿੰਡ ਵਿਚ ਜਾ ਕੇ ਅਰਾਮ ਕਰੋ ਅਤੇ ਸ਼ਿਕਾਰ ਖੇਡਣ ਦੀ ਮਨਸ਼ਾ ਨਾਲ ਹਥਿਆਰ ਲਵੋ। ਹੁਣ ਤੁਸੀਂ ਪਹਾੜੀ ਰਾਜਿਆਂ ਦੇ ਦੁੱਖ-ਕਸ਼ਟ ਦੂਰ ਕਰੋ ਅਤੇ ਇਹ ਅਸਥਾਨ ਛੱਡ ਕੇ ਕਿਸੇ ਹੋਰ ਥਾਂ ਚਲੇ ਜਾਵੋ॥ ੪॥ ੭੯॥

*ਗੁਰੂ ਗੋਬਿੰਦ ਜਾਨ ਲੀਆ ਮਨ ਮਹਿਂ,*
*ਕੂਟਸਤਿ*[੧੨੩] *ਬਿਨਤੀ ਰਾਜਨ ਕੀ।*
*ਕਿਛ ਕਸਟ ਦੁੰਦੁਭਿ*[੧੨੪] *ਨਹਿ ਦੇਤ ਇਨੈ,*
*ਕਸੁ ਨਹਿਂ ਅਖੇਟਹਿ ਭਾਜਨ ਕੀ।*
*ਕੂਟਸਤਿ ਰਾਜਨ ਕਪਟ ਮਨਹਿਂ,*
*ਗੁਰ ਯਾਦ ਬਸਹਿ ਮਨ ਸਾਜਨ ਕੀ।*
*ਪ੍ਰਸਥਾਨ ਕੀਓ ਨਾਹਨੇਸ*[੧੨੫] *ਕਨੇ,*
*ਘਨਘੋਰ ਉਠੀ ਗਜ ਗਾਜਨ*[੧੨੬] *ਕੀ॥ ੪॥ ੮੦॥*

**ਅਰਥ :** ਪਹਾੜੀ ਰਾਜਿਆਂ ਦੀ ਝੂਠੀ-ਸੱਚੀ ਭਾਵ ਛਲ-ਕਪਟ ਭਰੀ 'ਬੇਨਤੀ' ਗੁਰੂ ਗੋਬਿੰਦ ਸਿੰਘ ਜੀ ਜਾਣ ਗਏ ਕਿ ਨਾ ਤਾਂ ਇਨ੍ਹਾਂ ਨੂੰ ਸਾਡੇ ਨਗਾਰੇ ਦੀ ਅਵਾਜ਼ ਦੁੱਖ ਦੇਂਦੀ ਹੈ ਤੇ ਨਾ ਹੀ ਕੋਈ ਸ਼ਿਕਾਰ ਖੇਡਣਾ ਦੁੱਖ ਦਿੰਦਾ ਹੈ। ਰਾਜਿਆਂ ਦੇ ਮਨ ਵਿਚ ਝੂਠ

---

੧੧੯. ਝਗੜਾ, ੧੨੦. ਨਗਾਰੇ 'ਤੇ ਚੋਟ, ੧੨੧. ਸ਼ਿਕਾਰ ਖੇਡਣਾ, ੧੨੨. ਹੋਰ ਕਿਸੇ ਜਗ੍ਹਾ, ੧੨੩. ਝੂਠੀ-ਸੱਚੀ, ਛਲ ਕਪਟ ਭਰੀ, ੧੨੪. ਨਗਾਰਾ, ੧੨੫. ਨਾਹਨ ਦੇ ਰਾਜੇ, ੧੨੬. ਚਿੰਘਾੜਨ

ਦੀ ਹੋਂਦ ਤੇ ਛਲ-ਕਪਟ ਹੈ। ਪਰ ਗੁਰੂ ਜੀ ਦੇ ਮਨ ਵਿਚ ਆਪਣੇ ਪਿਆਰੇ ਸੱਜਣ (ਅਕਾਲ ਪੁਰਖ) ਦੀ ਯਾਦ ਵੱਸੀ ਹੋਈ ਸੀ। ਉਹ ਨਹੀਂ ਸੀ ਚਾਹੁੰਦੇ ਕਿ ਸਾਡੇ ਕਰਕੇ ਕਿਸੇ ਨੂੰ ਦੁੱਖ-ਕਲੇਸ਼ ਦਾ ਸਾਹਮਣਾ ਕਰਨਾ ਪਵੇ। (ਇਸ ਵਿਚਾਰ ਨਾਲ) ਸਤਿਗੁਰੂ ਜੀ ਨੇ ਹਾਥੀਆਂ ਦੀ ਗਰਜਵੀਂ ਚਿੰਘਾੜਨ ਨਾਲ ਨਾਹਨ ਦੇ ਰਾਜੇ (ਮੇਦਨੀ ਪ੍ਰਕਾਸ਼) ਵੱਲ ਚਾਲੇ ਪਾ ਲਏ॥ ੪॥ ੯੦॥

*ਨਹਿੰ ਨੀਤ ਅਨੀਤ ਬਿਚਾਰ ਕਰੀ,*
*ਪ੍ਰਕਾਸ ਮੇਦਨੀ ਅਤਿ ਹਰਖਾਯੋ।*
*ਤਟ[੧੨੭] ਆਨ ਮਿਲਾ ਗੁਰ ਜਮਨਾ ਕੈ,*
*ਜਹਿੰ ਪਾਉਂਟਾ ਸੁੰਦਰ ਥਾਨ ਸਹਾਯੋ।*
*ਪਗ[੧੨੮] ਪਰਸੇ ਪਰਸੇ ਪੁਨ ਪਰਸੇ,*
*ਗੁਰ ਮੀਤ ਮਿਲੇ ਅਹੋ ਭਾਗ ਸੁ ਪਾਯੋ।*
*ਗੁਰ ਆਸਨ ਸਾਸਨ ਅਰਪ ਕੀਆ,*
*ਅਰ ਅਰਪ ਕੀਆ ਸਗਰਾ ਬਨਰਾਯੋ॥ ੫॥ ੯੧॥*

ਅਰਥ : ਗੁਰੂ ਜੀ ਦੇ ਨਾਹਨ ਵੱਲ ਆਉਣ ਬਾਰੇ ਸੁਣ ਕੇ ਮਨ ਵਿਚ ਕਿਸੇ ਪ੍ਰਕਾਰ ਦੀ ਚੰਗੀ-ਮਾੜੀ ਵਿਚਾਰ ਨਾ ਕੀਤੀ ਸਗੋਂ ਰਾਜਾ ਮੇਦਨੀ ਪ੍ਰਕਾਸ਼ ਬਹੁਤ ਖ਼ੁਸ਼ ਹੋਇਆ। ਉਹ ਗੁਰੂ ਜੀ ਨੂੰ ਜਮਨਾ ਨਦੀ ਦੇ ਕਿਨਾਰੇ ਆਪ ਆਣ ਕੇ ਮਿਲਿਆ ਜਿੱਥੇ ਹੁਣ ਸੁੰਦਰ ਸ੍ਰੀ ਪਾਉਂਟਾ ਸਾਹਿਬ ਸੁਸ਼ੋਭਿਤ ਹੈ। ਰਾਜਾ ਮੇਦਨੀ ਪ੍ਰਕਾਸ਼ ਬਾਰ-ਬਾਰ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ 'ਤੇ ਨਮਸ਼ਕਾਰ ਕਰਦਾ ਕਹਿੰਦਾ ਹੈ, "ਮੇਰੇ ਚੰਗੇ ਭਾਗ ਹੋ ਗਏ ਕਿ ਮੇਰੇ ਪਿਆਰੇ ਮਿੱਤਰ ਗੁਰੂ ਗੋਬਿੰਦ ਸਿੰਘ ਜੀ ਮਿਲ ਪਏ। ਰਾਜੇ ਨੇ ਗੁਰੂ ਜੀ ਨੂੰ ਰਾਜ-ਸਿੰਘਾਸਨ ਭੇਂਟ ਕੀਤਾ ਅਤੇ ਸਾਰਾ ਜੰਗਲੀ ਇਲਾਕਾ ਵੀ ਭੇਂਟ ਕੀਤਾ॥ ੫॥ ੯੧॥

*ਗੁਰ ਪਾਂਵ ਟਿਕਾਯ ਕੈ ਪਾਂਵਟਾ ਮਹਿੰ,*
*ਪਿਖ ਕਾਲ ਭਵਿਖ ਬਯੋਂਤ ਬਨਾਯੋ।*
*ਕਿਛ ਰਖਸਿਕ ਕੋਟ ਉਸਾਰ ਲੀਏ,*
*ਸਬ ਅਸਤਰ ਸਸਤਰ ਬੀਚ ਟਿਕਾਯੋ।*
*ਕਿਛੁ ਤੁਰਕ ਔਰੰਗ ਜੋ ਕਾਢ ਦੀਏ,*
*ਸਾਹ ਬਦਰੁਦੀਨ[੧੨੯] ਗੁਰ ਪੈ ਲੇ ਆਯੋ।*
*ਖਾਂ ਕਾਲਾ ਭੀਖਨ ਖਾਂ ਆਦਿਕ,*
*ਆਇ ਚਰਨਨ ਮਹਿ ਸੀਸ ਨਿਵਾਯੋ॥ ੬॥ ੯੨॥*

ਅਰਥ : ਸਤਿਗੁਰੂ ਜੀ ਨੇ ਸ੍ਰੀ ਪਾਉਂਟਾ ਸਾਹਿਬ ਵਿਚ ਪੈਰ ਟਿਕਾਏ ਤੇ ਆਉਣ ਵਾਲੇ ਸਮੇਂ ਨੂੰ ਭਾਂਪਦਿਆਂ ਵਿਉਂਤ ਬਣਾਈ। ਰੱਖਿਆ ਵਾਸਤੇ ਕੁਝ ਕਿਲ੍ਹੇ ਉਸਾਰ ਲਏ

੧੨੭. ਕਿਨਾਰੇ, ੧੨੮. ਚਰਨ, ੧੨੯. ਪੀਰ ਬੁੱਧੂ ਸ਼ਾਹ

ਤੇ ਉਨ੍ਹਾਂ ਵਿਚ ਸਭ ਅਸਤਰ ਸ਼ਸਤਰ ਰੱਖ ਦਿੱਤੇ। ਔਰੰਗਜ਼ੇਬ ਨੇ ਆਪਣੀ ਫ਼ੌਜ ਵਿੱਚੋਂ ਕੁਝ ਤੁਰਕ ਕੱਢ ਦਿੱਤੇ ਜੋ ਪੀਰ ਬੁੱਧੂ ਸ਼ਾਹ ਗੁਰੂ ਜੀ ਪਾਸ ਲੈ ਆਇਆ। (ਤੁਰਕਾਂ ਦੇ ਜਰਨੈਲ-ਸਿਪਾਹੀਆਂ) ਕਾਲੇ ਖ਼ਾਂ, ਭੀਖਨ ਖ਼ਾਂ ਆਦਿ ਨੇ ਆ ਕੇ ਗੁਰੂ ਜੀ ਦੇ ਚਰਨਾਂ 'ਤੇ ਸਿਰ ਨਿਵਾਇਆ॥ ੯ ॥ ੮੨ ॥

*ਅਬ ਔਰੰਗ ਠਾਨ ਲੀਯ ਮਨ ਮਹਿਂ,*
*ਗੁਰ ਗੋਬਿੰਦ ਨਹਿਂ ਮੋ ਸੋਂ ਡਰ ਪਾਯੋ।*
*ਅਬ ਲੋਹ ਸੋਂ ਲੋਹਾ ਕਾਟ ਦਿਜੇ,*
*ਮਮ ਦੋਸ ਨਹਿਂ ਨੀਕਾ ਸਿਰ ਆਯੋ।*
*ਯੋਂ ਸੋਚ ਬਿਚਾਰ ਔਰੰਗ ਕਰੀ,*
*ਲਿਖ ਭੀਮ ਚੰਦ ਪਾਤੀ[੧੩੦] ਭਿਜਵਾਯੋ।*
*ਤੁਮ ਕਰਹੁ ਪਰਾਜਿਤ[੧੩੧] ਗੋਬਿੰਦ ਕਉ,*
*ਮਮ ਪਾਤੀ ਭੀਖਨ ਖਾਨ ਦਿਲਾਯੋ॥ ੭ ॥ ੮੩ ॥*

**ਅਰਥ :** ਹੁਣ ਔਰੰਗਜ਼ੇਬ ਨੇ ਮਨ ਵਿਚ ਧਾਰ ਲਈ ਕਿ ਗੁਰੂ ਗੋਬਿੰਦ ਸਿੰਘ ਮੇਰੇ ਕੋਲੋਂ ਨਹੀਂ ਡਰੇਗਾ। ਜੇ ਹੁਣ ਲੋਹੇ ਨਾਲ ਲੋਹਾ ਕੱਟ ਦੇਵਾਂ ਤਾਂ ਮੇਰੇ ਸਿਰ ਦੋਸ਼ ਰੰਚਕ ਮਾਤਰ ਵੀ ਨਹੀਂ ਆਵੇਗਾ। ਇਉਂ ਸੋਚ-ਵਿਚਾਰ ਕੇ ਔਰੰਗਜ਼ੇਬ ਨੇ ਇਸ ਤਰ੍ਹਾਂ ਕੀਤੀ ਕਿ ਰਾਜੇ ਭੀਮ ਚੰਦ ਨੂੰ ਚਿੱਠੀ ਲਿਖ ਕੇ ਭੇਜ ਦਿੱਤੀ ਕਿ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਨੂੰ ਹਰਾ ਦਿਓ ਅਤੇ ਇਹ ਮੇਰੀ ਚਿੱਠੀ ਭੀਖਨ ਖ਼ਾਨ ਨੂੰ ਵੀ ਦੇ ਦਿਓ॥ ੭ ॥ ੮੩ ॥

*ਬਹੁ ਰਾਜਨ ਸੈਨ ਲੇ ਭੀਮ ਸਸਿ,[੧੩੨]*
*ਗੜ ਪਾਉਂਟਾ ਘੇਰ ਲਿਏ ਦਿਸ ਚਾਰੇ।*
*ਨਹਿਂ ਜਾਨ ਸਕਾ ਖਲ[੧੩੩] ਗੁਰਬਰ ਕੋ,*
*ਗੁਰ ਇਛੈਂ ਜੁਧ ਭੰਗਾਣ ਦੁਆਰੇ।*
*ਭੀਖਨ ਹਯਾਤ ਨਜਾਬਤ ਖਾਂ,*
*ਗੁਰ ਛੋਰ ਮਿਲੇ ਸਸਿ ਭੀਮ ਗੁਟਾਰੇ[੧੩੪]*
*ਗੁਰ ਸਿਖਨ ਧਾਰ ਕੈ ਜੀਤ ਮਨਹਿਂ,*
*ਰਿਪੁ ਮਾਰ ਦਿਏ ਜਨ ਕਾਲ ਪ੍ਰਹਾਰੇ॥ ੪ ॥ ੮੪ ॥*

**ਅਰਥ :** ਭੀਮ ਚੰਦ ਨੇ ਪਹਾੜੀ ਰਾਜਿਆਂ ਦੀ ਬਹੁਤ ਸਾਰੀ ਫ਼ੌਜ ਨਾਲ ਲੈ ਕੇ ਸ੍ਰੀ ਪਾਉਂਟਾ ਸਾਹਿਬ ਨੂੰ ਚਾਰੇ ਪਾਸਿਓਂ ਘੇਰਾ ਪਾ ਲਿਆ। ਮੂਰਖ ਪਹਾੜੀ ਰਾਜਾ ਗੁਰੂ ਜੀ ਨੂੰ ਸਮਝ ਨਾ ਸਕਿਆ ਕਿ ਸਤਿਗੁਰੂ ਜੀ ਭੰਗਾਣੀ ਵਿਖੇ ਯੁੱਧ ਲੜਨਾ ਚਾਹ ਰਹੇ ਹਨ। ਭੀਖਨ ਖ਼ਾਂ, ਹਯਾਤ ਖ਼ਾਂ, ਨਜਾਬਤ ਖ਼ਾਂ (ਉਮਰਾ ਖ਼ਾਂ ਆਪਣੇ ਚਾਰ ਸੌ ਸਾਥੀਆਂ ਨੂੰ ਨਾਲ ਲੈ ਕੇ) ਗੁਰੂ ਜੀ ਨੂੰ ਛੱਡ ਕੇ ਭੀਮ ਚੰਦ ਦੀ ਫ਼ੌਜ ਨਾਲ ਜਾ ਰਲੇ। ਸਿੱਖਾਂ ਨੇ ਆਪਣੇ ਮਨ

---

੧੩੦. ਚਿੱਠੀ, ੧੩੧. ਹਰਾਉਣਾ, ੧੩੨. ਭੀਮ ਚੰਦ, ੧੩੩. ਮੂਰਖ, ੧੩੪. ਗੁਟ, ਜੁੰਡਲੀ, ਫ਼ੌਜ

ਵਿਚ ਜਿੱਤ ਧਾਰ ਕੇ (ਗੁਰ-ਪ੍ਰਮੇਸ਼ਰ ਦੀ ਕ੍ਰਿਪਾ ਸਦਕਾ) ਦੁਸ਼ਮਣ ਇੰਝ ਮਾਰ-ਮੁਕਾਏ ਜਿਵੇਂ ਕਾਲ ਵਾਰ ਕਰਦਾ ਹੈ॥ ੪॥ ੮੪॥

*ਸਰ ਕਾਨੋਂ ਖੈਂਚ ਗੁਰੂ ਛੋਰੈ,*
*ਘਮਸਾਨ ਮਚਾ ਯੁਧ ਖੇਤ ਮਝਾਰੇ।*
*ਮਾਰਾ ਗੁਰ ਤੁਰਕਨ ਕੋ ਸਮ ਹੀ,*
*ਗੜਵਾਲ ਹੰਡੂਰ ਕਹਿਲੂਰੀ ਮਾਰੇ।*
*ਬਰ ਬੀਰ ਸੰਗੋ ਸਾਹ ਜੀਤ ਮਲ,*
*ਗੁਰੂ ਕਾਮ ਆਏ ਰਣ ਅਤਿ ਕਰਾਰੇ।*
*ਜਨ ਸੂਹਾ ਪਹਿਰ ਚਲੀ ਯੁਵਤੀ,*[੧੩੫]
*ਫੀਕੇ ਪ੍ਰਕਾਸ ਮਹਿਂ ਸ੍ਰੋਣ*[੧੩੬] *ਦਿਸਾਰੇ॥ ੯॥ ੮੫॥*

**ਅਰਥ :** ਗੁਰੂ ਜੀ ਨੇ ਬੜੀ ਫੁਰਤੀ/ਜੋਸ਼ ਨਾਲ ਕੰਨਾਂ ਤਕ ਖਿੱਚ-ਖਿੱਚ ਕੇ ਤੀਰ ਛੱਡੇ। ਜੰਗ ਦੇ ਮੈਦਾਨ ਵਿਚ ਘਮਸਾਨ ਮੱਚ ਗਿਆ। ਗੁਰੂ ਜੀ ਨੇ (ਬਾਗ਼ੀ ਹੋਏ) ਤੁਰਕਾਂ ਵਾਂਗ ਗੜ੍ਹਵਾਲੀਏ, ਹੰਡੂਰੀਏ ਤੇ ਕਹਿਲੂਰੀਏ ਮਾਰੇ। ਵੱਡੇ ਯੋਧੇ ਭਾਈ ਸੰਗੋਂ ਸ਼ਾਹ ਤੇ ਭਾਈ ਜੀਤ ਮੱਲ ਵੀ ਰਣ ਭੂਮੀ ਵਿਚ ਗੁਰੂ ਜੀ ਦੇ ਕੰਮ ਆਏ। ਫਿਕੇ ਜਿਹੇ ਪ੍ਰਕਾਸ਼ ਵਿਚ ਰਣਭੂਮੀ 'ਤੇ ਡੁੱਲਿਆ ਖ਼ੂਨ ਇਸ ਤਰ੍ਹਾਂ ਦਿਸਦਾ ਸੀ ਜਿਵੇਂ ਕੋਈ ਮੁਟਿਆਰ ਲਾਲ-ਸੂਹੀ ਪੁਸ਼ਾਕ ਪਹਿਨ ਕੇ ਚਲ ਰਹੀ ਹੋਵੇ॥ ੯॥ ੮੫॥

**ਦੋਹਿਰਾ :** *ਚਾਰ ਦਿਸਾ ਸ੍ਰੋਣਤ ਬਹੁੰ ਆਮਿਖ*[੧੩੭] *ਪਿੰਡ ਬਿਚਾਰ।*
*ਝਪਟ ਸੁ ਵਾਇਸ ਚੀਲ ਅਰ ਕੋਕ ਸ੍ਰਿਗਾਲ ਨਿਹਾਰ॥ ੧॥ ੯੬॥*

**ਅਰਥ :** ਹੇ ਭਾਈ! ਵਿਚਾਰ ਲਵੋ ਕਿ ਚਾਰੇ ਪਾਸੇ ਲਹੂ-ਮਿੱਝ ਦੇ ਢੇਰ ਪਏ ਸਨ ਤੇ ਇਹ ਵੇਖ ਕੇ ਕਾਂ, ਇੱਲ, ਬਘਿਆੜ ਤੇ ਗਿੱਦੜ ਆਦਿ ਝਪਟਾਂ ਮਾਰ-ਮਾਰ ਕੇ (ਖਾ-ਚੱਟ ਕੇ) ਨਿਹਾਲ ਹੋ ਰਹੇ ਸਨ॥ ੧॥ ੯੬॥

*ਉਪਚਾਰ*[੧੩੮] *ਕਰਹਿਂ ਕਿਛ ਘਾਵਰੀ*[੧੩੯] *ਘਾਇਲਨ*[੧੪੦] *ਘਾਵ*[੧੪੧] *ਨਿਹਾਰ।*
*ਤਹਿਂ ਪਰ ਯੋਧਾ ਨਹਿਂ ਕਰਹਿਂ ਭੂਲਹਿਂ ਸੇ ਪ੍ਰਹਾਰ॥ ੨॥ ੯੭॥*

**ਅਰਥ :** ਕੁਝ ਵੈਦ ਜ਼ਖ਼ਮੀ ਹੋਏ ਜੋਧਿਆਂ ਦੇ ਜ਼ਖ਼ਮਾਂ ਦਾ ਇਲਾਜ ਕਰ ਰਹੇ ਸਨ। ਉਨ੍ਹਾਂ ਉੱਪਰ ਯੋਧੇ ਭੁੱਲ ਕੇ ਵੀ ਵਾਰ ਨਹੀਂ ਸਨ ਕਰਦੇ॥ ੨॥ ੯੭॥

**ਸਵੈਯਾ:** *ਅਸ*[੧੪੨] *ਬੀਰ ਪੈ ਬੀਰ ਪ੍ਰਹਾਰ ਕਰੇ,*
*ਜਨ ਅਹਿਰਨ ਚੋਟ ਹੈਂ ਕੀਨ ਲੋਹਾਰੇ*[੧੪੩] *।*

---

੧੩੫. ਮੁਟਿਆਰ, ੧੩੬. ਖ਼ੂਨ, ੧੩੭. ਮਾਸ, ਮਿੱਝ, ੧੩੮. ਇਲਾਜ, ੧੩੯. ਵੈਦ, ੧੪੦. ਜ਼ਖ਼ਮੀਆਂ, ੧੪੧. ਜ਼ਖ਼ਮ, ਫੱਟ, ੧੪੨. ਇਸ ਤਰ੍ਹਾਂ, ੧੪੩. ਲੋਹਾ ਕੁੱਟਣ ਵਾਲਾ, ਲੁਹਾਰ

*ਮੁਖ ਬੀਰਨ ਕੈ ਪ੍ਰਤਖ ਉਜਲ,*
*ਮੁਖ ਭੀਰਨ ਕੈ ਡਰ ਛਾਰ[੧੪੪] ਪਸਾਰੇ।*
*ਯੌਂ ਸਾਰ[੧੪੫] ਪੈ ਸਾਰ ਸੰਮੁਖ[੧੪੬] ਚਲੇ,*
*ਘਨਘੋਰ ਫਟੇ ਜਨ ਬਾਦਰ ਕਾਰੇ[੧੪੭]।*
*ਗੁਰ ਤੀਰਨ ਕੈ ਪ੍ਰਹਾਰ ਕਰਹਿੰ,*
*ਜਨ ਖੇਤ ਕਿਸਾਨ ਧਰ ਕਟਵਾਰੇ॥ ੧ ॥ ੮੮ ॥*

**ਅਰਥ**: ਜੋਧੇ ਇਕ-ਦੂਸਰੇ 'ਤੇ ਇੰਝ ਵਾਰ ਕਰ ਰਹੇ ਸਨ ਜਿਵੇਂ ਲੁਹਾਰ ਅਹਿਰਨ ਉੱਪਰ (ਹਥੌੜੇ ਦੀ) ਸੱਟ ਮਾਰਦਾ ਹੈ। ਜੋਧਿਆਂ ਦੇ ਮੁਖੜੇ ਸੁਰਖ਼ਰੂ ਦਿੱਸਦੇ ਸਨ ਤੇ ਕਾਇਰਾਂ/ਗੀਧੀਆਂ ਦੇ ਮੂੰਹ ਡਰ ਨਾਲ ਇੰਝ ਹੋਏ ਸਨ ਜਿਵੇਂ ਮੂੰਹ 'ਤੇ ਸੁਆਹ ਪਈ ਹੋਵੇ। ਆਹਮੋ-ਸਾਹਮਣੇ ਖੜਕ ਰਹੇ ਲੋਹੇ ਨਾਲ ਲੋਹੇ ਦਾ ਖੜਾਕ ਇੰਝ ਲੱਗਦਾ ਸੀ ਜਿਵੇਂ ਕਾਲੇ ਬੱਦਲਾਂ ਦੇ ਫਟਣ ਦੀ ਗਰਜ ਹੋਵੇ। ਗੁਰੂ ਜੀ ਇੰਝ ਤੀਰਾਂ ਦੇ ਵਾਰ ਕਰ ਰਹੇ ਸਨ ਜਿਵੇਂ ਕਿਸਾਨ ਫ਼ਸਲਾਂ ਨੂੰ ਕੱਟ ਕੇ ਢੇਰ ਲਗਾ ਦਿੰਦਾ ਹੈ॥ ੧ ॥ ੮੮ ॥

*ਸਾਹ ਬਦਰੁਦੀਨ ਕ੍ਰਿਪਾਲ ਦਾਸ,*
*ਕਾਲੇ ਖਾਂ ਗੁਰ ਕੇ ਸਖੇ ਸਹੇਲੇ।*
*ਇਵ ਲੋਥ ਪੈ ਲੋਥ ਰਣਹਿੰ ਡਾਰੀ,*
*ਜਿਵ ਗੇਹੂੰ[੧੪੮] ਕੇ ਖਲਿਹਾਨਿ[੧੪੯] ਰਖੇਲੇ।*
*ਬਹੁ ਰਾਜਨ ਸੈਨ ਮਰੀ ਜੁਧ ਮਹਿੰ,*
*ਔ ਨਮਕ ਹਰਾਮ ਪਠਾਨ ਰੁਹੇਲੇ[੧੫੦]।*
*ਜਬ ਭੀਮ ਚੰਦਹਿ ਗੁਰ ਤੀਰ ਦੀਆ,*
*ਅਰ ਭਾਗ ਗਏ ਰਣ ਛਾਡ ਸੁਖੇਲੇ॥ ੨ ॥ ੮੯ ॥*

**ਅਰਥ**: ਪੀਰ ਬੁੱਧੂ ਸ਼ਾਹ, ਭਾਈ ਕ੍ਰਿਪਾਲ ਦਾਸ, ਕਾਲੇ ਖ਼ਾਂ ਆਦਿ ਗੁਰੂ ਜੀ ਦੇ ਮਿੱਤਰ/ਸਾਥੀਆਂ ਨੇ ਜੰਗ ਦੇ ਮੈਦਾਨ ਵਿਚ ਦੁਸ਼ਮਣਾਂ ਦੀਆਂ ਲਾਸ਼ਾਂ ਇੱਕ-ਦੂਸਰੀ 'ਤੇ ਇੰਝ ਸੁੱਟ ਦਿੱਤੀਆਂ ਜਿਵੇਂ ਕਣਕ ਦੇ ਬੋਹਲ/ਖਿਲਵਾੜੇ ਹੋਣ। ਪਹਾੜੀ ਰਾਜਿਆਂ ਦੀ ਬਹੁਤ ਸੈਨਾ ਜੰਗ ਵਿਚ ਮਰ ਗਈ ਅਤੇ ਨਾਲ ਹੀ ਨਮਕਹਰਾਮੀ ਰੁਹੇਲੇ ਪਠਾਣ ਵੀ ਮਾਰੇ ਗਏ। ਜਦੋਂ ਸਤਿਗੁਰੂ ਜੀ ਨੇ ਰਾਜੇ ਭੀਮ ਚੰਦ ਨੂੰ ਤੀਰ ਮਾਰਿਆ ਤਾਂ ਸਭ ਦੁਸ਼ਮਣ ਰਣਭੂਮੀ ਵਿੱਚੋਂ ਅਸਾਨੀ ਨਾਲ ਭੱਜ ਗਏ॥ ੨ ॥ ੮੯ ॥

*ਚਿਤ ਚੀਤ ਅਨੰਦ ਨਿਰੰਜਨ ਕੋ,*
*ਜਸ ਸੂਰ ਮਹਾਂ ਬਲ ਬੀਰ ਜਿਹ ਗਾਹਿੰ।*
*ਆਦੇਸ ਦੀਆ ਤਿਹ ਗੁਰੁਬਰ ਕਉ,*

---

੧੪੪. ਸਵਾਹ, ੧੪੫. ਲੋਹਾ, ੧੪੬. ਆਹਮੋ-ਸਾਹਮਣਿਓਂ, ੧੪੭. ਕਾਲੇ ਬੱਦਲ, ੧੪੮. ਕਣਕ, ੧੪੯. ਖਿਲਵਾੜੇ, ਬੋਹਲ, ੧੫੦. ਖ਼ੈਬਰ ਦੇ ਪਠਾਣਾਂ ਦੀ ਇਕ ਜਾਤ

*ਅਬ ਪੰਥ ਚਲਾਹੁ ਨਮਾ ਜਗ ਮਾਹਿ।*
*ਦੈ ਅੰਮ੍ਰਿਤ ਸਬਹਿਨ ਅਮਰ ਕਰਹੁ,*
*ਮਮ ਸੁਤ ਸਬਹਿ ਮੁਹਿ ਮਿਲਬੇ ਪਾਹਿ।*
*ਚੰਦ੍ਰਹਾਂਸ[੧੫੧] ਦੇਹੁ ਤਿਨ ਹਾਥਨ ਮਹਿ,*
*ਕਿਛ ਤਾਣ ਰਹਿਆ ਜਿਨ ਮਹਿ ਕਛੁ ਨਾਹਿ॥ ੩ ॥ ੯੦॥*

ਅਰਥ : ਮਨ ਵਿਚ ਚਿੰਤਨ ਕਰਕੇ ਆਤਮਿਕ ਅਨੰਦ ਦੀ ਪ੍ਰਾਪਤੀ ਵਾਸਤੇ ਜਿਸ (ਮਾਇਆ ਦੇ ਪ੍ਰਭਾਵ ਤੋਂ ਪਰ੍ਹੇ) ਪਰਮਾਤਮਾ ਦਾ ਜੱਸ ਸੂਰਬੀਰ, ਮਹਾਂਬਲੀ ਜੋਧੇ ਆਦਿ ਕਰਦੇ ਹਨ, ਉਸ ਅਕਾਲ ਪੁਰਖ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਹ ਆਦੇਸ਼ ਦਿੱਤਾ ਕਿ ਹੁਣ ਸੰਸਾਰ ਵਿਚ ਨਵਾਂ ਪੰਥ ਚਲਾਓ। ਸਭ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਅਮਰ ਕਰ ਦੇਵੋ ਤਾਂ ਜੋ (ਮੇਰੇ ਤੋਂ ਵਿਛੜੇ) ਮੇਰੇ ਪੁੱਤਰ (ਮਨੁੱਖ) ਮੈਨੂੰ ਮਿਲ ਸਕਣ। ਉਨ੍ਹਾਂ ਦੇ ਹੱਥ ਵਿਚ ਤਲਵਾਰ ਦੇਵੋ ਜਿਨ੍ਹਾਂ ਵਿਚ ਕੋਈ ਬਲ ਨਹੀਂ ਰਿਹਾ॥ ੩ ॥ ੯੦॥

*ਦਹਿ ਜਾਮ ਲਿਯੇ ਦਹਿ ਨਾਮ ਕੀਏ,*
*ਜਗ ਤਾਰਣ ਕਉ ਸਤਿਗੁਰ ਭਵ ਪਾਯੋ।*
*ਦਹਿ ਜਾਮ ਕਾ ਜੇਤਾ ਤੇਜ ਹੁਤੋ,*
*ਗੁਰੂ ਗੋਬਿੰਦ ਸਿੰਘ ਦੈ ਪੰਥ ਸਜਾਯੋ।*
*ਦਹਿ ਜੋਤਿਨ ਕੀ ਪ੍ਰਭ ਜੋਤ ਲਿਓ,*
*ਉਰ ਪੰਥਹਿ ਜੀਵਨ ਜੋਤ ਜਗਾਯੋ।*
*ਤਬ ਤੈ ਖਾਲਸ ਅਮਰ ਭਯੋ,*
*ਜਮ ਕਾਲ ਕਾ ਦੰਡ ਨ ਨੇਰੈ ਆਯੋ॥ ੪ ॥ ੯੧ ॥*

ਅਰਥ : ਸਤਿਗੁਰੂ ਜੀ ਜਗਤ ਨੂੰ ਤਾਰਨ ਵਾਸਤੇ ਸੰਸਾਰ 'ਤੇ ਦਸਾਂ ਜਾਮਿਆਂ ਵਿਚ ਆਏ ਤੇ ਦਸ ਹੀ ਉਨ੍ਹਾਂ ਦੇ ਨਾਮ ਸਨ (ਲੇਕਿਨ ਜੋਤ ਇੱਕ ਸੀ)। ਗੁਰੂ ਗੋਬਿੰਦ ਸਿੰਘ ਜੀ ਨੇ ਜਿੰਨਾ ਵੀ ਦਸਾਂ ਜਾਮਿਆਂ ਦਾ ਤੇਜ-ਤਪ ਸੀ, ਉਹ ਸਾਰਾ ਦੇ ਕੇ ਖ਼ਾਲਸਾ ਪੰਥ ਦੀ ਸਿਰਜਨਾ ਕਰ ਦਿੱਤੀ। ਦਸਾਂ ਜਾਮਿਆਂ ਵਿੱਚੋਂ ਇੱਕ ਪ੍ਰਭੂ ਦੀ ਜੋਤ ਲੈ ਕੇ ਉਹ ਜੋਤ ਦਸਮ ਗੁਰੂ ਨੇ ਖ਼ਾਲਸਾ ਪੰਥ ਦੇ ਹਿਰਦੇ ਵਿਚ ਜਗਾ ਦਿੱਤੀ ਤਾਂ ਤੇ ਖ਼ਾਲਸਾ ਅਮਰ ਹੋ ਗਿਆ ਅਤੇ ਯਮ ਦਾ ਡੰਡਾ ਨੇੜੇ ਨਾ ਆਇਆ॥ ੪ ॥ ੯੧॥

*ਗੁਰੂ ਗੋਬਿੰਦ ਸਿੰਘ ਸੁ ਪੰਥ ਕੀਆ,*
*ਜਗ ਭੀਤਰ ਜੋ ਜਨ ਕੋ ਸੁਖਦਾਈ।*
*ਜਹਿ ਸੌਂ ਸਬ ਬੰਧ ਮਿਟੈ ਜਮ ਕੈ,*
*ਪਰਮਾਤਮ ਸਾਥ ਜੋ ਬੇਗ ਮਿਲਾਈ।*
*ਜਗ ਤੀਰਥ ਜੋਗ ਸੌਂ ਮੁਕਤ ਭਇਆ,*

੧੫੧. ਤਲਵਾਰ, ਖੜਗ

*ਗੁਰ ਸਬਦਿ ਸੁ ਜਾਨ ਲੀਓ ਰਘੁਰਾਈ।*
*ਕਹਹੁ ਜੀਵਨ ਸਿੰਘ ਅਚਿੰਤ ਭਏ,*
*ਪਗ ਗੋਬਿੰਦ ਸਿੰਘ ਲੀਏ ਪ੍ਰਸਾਈ॥ ੫॥ ੯੨॥*

**ਅਰਥ :** ਦੁਨੀਆਂ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਐਸਾ ਖ਼ਾਲਸਾ ਪੰਥ ਸਿਰਜਿਆ ਜੋ ਲੋਕਾਂ ਨੂੰ ਸੁਖ ਦੇਣ ਵਾਲਾ ਹੈ ਤੇ ਜਿਸ ਦੇ ਧਾਰਨ ਕਰਨ ਦੇ ਨਾਲ ਜਮਾਂ/ਵਿਕਾਰਾਂ ਦੇ ਸਭ ਬੰਧਨ ਖ਼ਤਮ ਹੋ ਜਾਂਦੇ ਹਨ ਅਤੇ ਆਤਮਾ ਦਾ ਪਰਮਾਤਮਾ ਨਾਲ ਛੇਤੀ ਮਿਲਾਪ ਹੋ ਜਾਂਦਾ ਹੈ। ਉਹ ਜਗ ਕਰਨ, ਤੀਰਥਾਂ ਦੇ ਇਸ਼ਨਾਨ ਕਰਨ ਤੇ ਜੋਗ ਕਮਾਉਣ ਆਦਿ ਵਰਗੇ ਕਰਮ-ਕਾਂਡਾਂ ਤੇ ਵਹਿਮ-ਭਰਮ ਕਰਨ ਤੋਂ ਮੁਕਤ ਹੋ ਗਿਆ, ਜਿਸ ਨੇ ਗੁਰੂ ਜੀ ਦੇ ਅੰਮ੍ਰਿਤ/ਸ਼ਬਦ ਰਾਹੀਂ ਭਾਵ ਗੁਰੂ ਜੀ ਦੇ ਉਪਦੇਸ਼ ਮੰਨ ਕੇ ਪਰਮਾਤਮਾ ਨੂੰ ਜਾਣ ਲਿਆ।

ਹੇ ਜੀਵਨ ਸਿੰਘ! ਆਖ ਕਿ, ਉਹ ਜੀਵ ਚਿੰਤਾ-ਮੁਕਤ ਹੋ ਗਏ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪਰਸ ਲਏ॥ ੫॥ ੯੨॥

*ਪ੍ਰਤਿਪਾਲ ਕਰਹੁ ਅਬ ਦੀਨਨ ਕੀ,*
*ਗੁਰ ਬਾਤ ਯਾਹੀ ਮੁਖ ਤੈ ਪ੍ਰਕਾਸੀ*[੧੫੨]*।*
*ਨਹਿੰ ਬਿਲੰਬ ਕਰਹੁ ਰਣ ਜੂਝਨ ਤੇ,*
*ਜਗ ਜੀਵਨ ਜਾਨ ਲੇਹੁ ਜਨ ਦਾਸੀ।*
*ਭਟ*[੧੫੩] *ਔਰ ਨਹਿ ਮੁਖ ਜੋਰਤ ਜਹਿੰ,*
*ਸਿੰਘ ਜੂਝ ਮਰਹਿੰ ਰਣ ਮਹਿ ਅਵਨਾਸੀ।*
*ਸਿੰਘ ਰਾਖੇਗੁ ਧਰਮ ਕੋ ਹੇਤ ਸਦਾ,*
*ਅਧਰਮ ਪਕੜ ਜੜ ਮੂਲ ਬਿਨਾਸੀ॥ ੬॥ ੯੩॥*

**ਅਰਥ:** ਗੁਰੂ ਜੀ ਨੇ ਪਵਿੱਤਰ ਮੁਖ ਤੋਂ ਇਹ ਗੱਲ ਕਹੀ ਕਿ ਹੁਣ ਗ਼ਰੀਬਾਂ/ਧਰਮੀਆਂ ਦੀ ਪ੍ਰਤਿਪਾਲਣਾ ਕਰੋ। ਯੁੱਧ ਵਿਚ ਜੂਝਣ ਤੋਂ ਦੇਰ ਨਾ ਕਰੋ ਤੇ ਸੰਸਾਰੀ ਜੀਵਨ ਨੂੰ ਆਪਣੀ ਦਾਸੀ ਜਾਣ ਲਵੋ। ਜਿੱਥੇ ਭਾੜੇ 'ਤੇ ਲਿਆ ਹੋਇਆ ਸਿਪਾਹੀ/ਜੋਧਾ ਜੂਝਣ ਤੋਂ ਡਰਦਾ ਹੈ, ਉਥੇ ਸਿੰਘ ਰਣ ਵਿਚ ਜੂਝਦੇ ਸ਼ਹੀਦੀ ਪਾ ਕੇ ਅਮਰ ਹੋ ਜਾਂਦੇ ਹਨ। ਸਿੰਘ ਹਮੇਸ਼ਾ ਧਰਮ ਨਾਲ ਪਿਆਰ ਕਰੇਗਾ ਤੇ ਅਧਰਮ ਦੀ ਜੜ੍ਹ ਫੜ ਕੇ ਮੁੱਢੋਂ ਹੀ ਖ਼ਤਮ ਕਰ ਦੇਵੇਗਾ॥ ੬॥ ੯੩॥

*ਜਨ ਸੰਤ ਮਹੰਤ ਬਡੇ ਭਗਵੰਤ,*
*ਦੈ ਅੰਮ੍ਰਿਤ ਪੂਰਨ ਕਾਰਜ ਕੀਉ।*
*ਫੁਨ ਕਹੀਅਨ ਅੰਮ੍ਰਿਤਪਾਨ ਕਰਹੁ,*
*ਸਬ ਬੰਧ ਕਟਹਿ ਤੁਮਰੇ ਸੁਤ ਜੀਉ।*

---
੧੫੨. ਕਹੀ, ੧੫੩. ਭਾੜੇ 'ਤੇ ਲਿਆ ਹੋਇਆ ਸਿਪਾਹੀ ਯੋਧਾ

*ਸਿਰ ਭੇਟ ਕਰਹੁ ਅਪਨੇ ਗੁਰ ਕਉ,*
*ਗੁਰ ਨਦਰਿ ਤੇ ਗੁਰਸਿਖ ਅੰਮ੍ਰਿਤ ਪੀਉ।*
*ਫੁਨ ਰਹਿਤ ਕੁਰਹਿਤ ਬਤਾਇ ਸਭੀ,*
*ਗੁਰ 'ਵਾਹਿਗੁਰੂ' ਗੁਰ ਮੰਤ੍ਰ ਦੀਉ॥ ੭॥ ੯੪॥*

**ਅਰਥ :** ਵੱਡੇ ਭਾਗਾਂ ਵਾਲੇ ਸੇਵਕਾਂ, ਸੰਤਾਂ, ਮਹੰਤਾਂ ਨੂੰ ਖੰਡੇ-ਬਾਟੇ ਦੀ ਪਾਹੁਲ (ਅੰਮ੍ਰਿਤ) ਦੀ ਦਾਤ ਦੇ ਕੇ ਧਰਮ ਕਾਰਜ ਸੰਪੂਰਨ ਕੀਤਾ। ਫਿਰ ਸਭ ਨੂੰ ਕਿਹਾ, "ਪੁੱਤਰ ਜੀਓ! ਤੁਸੀਂ ਅੰਮ੍ਰਿਤਪਾਨ ਕਰੋ, ਤੁਹਾਡੇ ਸਭ ਬੰਧਨ ਕੱਟੇ ਜਾਣਗੇ। ਹੇ ਗੁਰਸਿੱਖੋ! ਆਪਣੇ ਗੁਰੂ ਨੂੰ ਸੀਸ ਭੇਟ ਕਰਕੇ ਗੁਰੂ ਦੀ ਕ੍ਰਿਪਾ ਨਾਲ ਅੰਮ੍ਰਿਤ ਛਕੋ।" ਫਿਰ ਸਤਿਗੁਰੂ ਜੀ ਨੇ ਰਹਿਤ ਕੁਰਹਿਤ ਦੱਸੀ ਤੇ 'ਵਾਹਿਗੁਰੂ' ਗੁਰਮੰਤ੍ਰ ਦੀ ਦਾਤ ਬਖ਼ਸ਼ੀ॥ ੭॥ ੯੪॥

**ਕਬਿੱਤ :** *ਸਾਸ ਕੇ ਦਿਵਈਆ*[੧੫੪] *ਮੋਰੇ ਪ੍ਰਾਣਨ ਰਖਈਆ ਗੁਰੂ,*
*ਰਾਖਨੈ ਕੈ ਪੂਤ ਕਉ ਸਵੈਯਮ*[੧੫੫] *ਚਲੇ ਆਤ ਹੈਂ।*
*ਜੁਧ ਕੇ ਜਿਤਈਆ ਹਨੇ*[੧੫੬] *ਅਰਣ ਮੈਦਾਨਿ ਗੁਰੂ,*
*ਸੂਰਜ ਮਾਨਿੰਦ*[੧੫੭] *ਨੰਦਪੁਰੀ ਰੁਸਨਾਤ ਹੈਂ।*
*ਸਿੰਘਨ ਸਜਈਆ ਗੁਰ ਦੀਖਨ ਦਵਈਆ ਪਿਤ,*
*ਸੁਤਨ ਮਝਾਰ ਸਰ ਅੰਬਰ ਸੁਹਾਤ ਹੈਂ।*
*ਰਿਖ ਮੁਨ ਸਿਧ ਬੁਧ ਜੋਧਨ ਜਿਤਈਆ ਜੁਧ,*
*ਗੁਰੂ ਬਰ ਹੇਤ ਰਖ ਪਗ ਧੂਰ ਪਾਤ ਹੈਂ॥ ੧॥ ੯੫॥*

**ਅਰਥ :** ਸਤਿਗੁਰੂ ਜੀ ਮੈਨੂੰ ਸਵਾਸ ਬਖ਼ਸ਼ਣ ਵਾਲੇ ਤੇ ਪ੍ਰਾਣਾਂ ਦੀ ਰੱਖਿਆ ਕਰਨ ਵਾਲੇ ਹਨ ਅਤੇ ਆਪਣੇ ਸੇਵਕ ਪੁੱਤਰ ਦੀ ਪੈਜ ਰੱਖਣ ਵਾਸਤੇ ਖ਼ੁਦ ਚੱਲ ਕੇ ਆਉਂਦੇ ਹਨ। ਗੁਰੂ ਜੀ ਯੁੱਧ ਨੂੰ ਜਿੱਤਣ ਵਾਲੇ ਤੇ ਰਣਭੂਮੀ ਵਿਚ ਦੁਸ਼ਮਣਾਂ ਨੂੰ ਮਾਰਨ ਵਾਲੇ ਅਨੰਦਪੁਰ ਸਾਹਿਬ ਵਿਖੇ ਸੂਰਜ ਵਾਂਗ ਪ੍ਰਕਾਸ਼ ਕਰ ਰਹੇ ਹਨ। ਸਿੰਘਾਂ ਨੂੰ ਸਾਜਣ ਵਾਲਾ ਤੇ ਅੰਮ੍ਰਿਤ ਦੀ ਦੀਖਿਆ ਦੇਣ ਵਾਲਾ ਗੁਰੂ-ਪਿਤਾ ਆਪਣੇ ਪੁੱਤਰਾਂ ਵਿਚ ਅਸਮਾਨ ਵਾਂਗ ਸੋਭਾ ਪਾ ਰਿਹਾ ਹੈ। ਰਿਸ਼ੀ ਮੁਨੀ, ਸਿਧ, ਬੁੱਧੀਮਾਨ ਤੇ ਯੁੱਧ ਜਿੱਤਣ ਵਾਲੇ ਜੋਧੇ ਗੁਰੂ ਜੀ ਪਾਸੋਂ ਪਿਆਰ/ਅਸ਼ੀਰਵਾਦ ਪ੍ਰਾਪਤ ਕਰਨ ਵਾਸਤੇ (ਗੁਰੂ ਜੀ ਦੇ) ਚਰਨਾਂ ਦੀ ਧੂੜ ਪ੍ਰਾਪਤ ਕਰਦੇ ਹਨ॥ ੧॥ ੯੫॥

**ਸਬਦ:** *ਨੰਦਪੁਰ ਸਹਰ ਗੋਬਿੰਦ ਕੋ ਬੇਟਾ ਜਯਤਾ ਨਾਮ ਲੀਓ ਰੀ।*
*ਸਬਦ ਸੁਰਤਿ ਕਉ ਮੇਲਿ ਕੈ ਸਤਿਗੁਰ ਨਾਮੁ ਕੋ ਦਾਨ ਦੀਓ ਰੀ।*
*ਸਤਿਗੁਰ ਰੰਕ*[੧੫੮] *ਕਉ ਭੂਪਤਿ*[੧੫੯] *ਕਰਹਿੰ ਐਸ ਸੁਕਾਮ ਕੀਓ ਰੀ।*
*ਖਾਲਸ ਭਏ ਅਖਾਲਸ*[੧੬੦] *ਸਿਖ ਗਨ ਅੰਮ੍ਰਿਤਪਾਨ ਕੀਓ ਰੀ।*

---

੧੫੪. ਦੇਣਹਾਰ, ਦਾਤਾ, ੧੫੫. ਖ਼ੁਦ, ੧੫੬. ਮਾਰਨ ਵਾਲੇ, ੧੫੭. ਵਾਂਗੂੰ, ੧੫੮. ਕੰਗਾਲ, ੧੫੯. ਰਾਜਾ, ੧੬੦. ਪਤਿਤ

*ਤਬ ਤੇ ਗੋਬਿੰਦ ਪੰਥ ਨਿਆਰਾ ਸਬ ਜਗ ਮਾਨ ਲੀਓ ਰੀ।*
*ਪੰਥ ਕਉ ਸੋਗ ਬਿਰੋਧ ਹਰਖ ਤੇ ਮੁਕਤਾ ਜਾਨ ਲੀਓ ਰੀ।*
*ਸਚਖੰਡ ਔਰ ਅਨੰਦਪੁਰੀ ਕਉ ਏਕੁ ਸਮਾਨ ਕੀਓ ਰੀ।*
*ਹਰਿ ਮਹਿੰ ਹਰਿ ਜਨ ਲੀਨ ਭਏ ਹੈਂ ਹਰਿ ਜਸ ਗਾਨ ਕੀਓ ਰੀ॥ ੧॥ ੯੬॥*

**ਅਰਥ :** ਅਨੰਦਪੁਰ ਸਾਹਿਬ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਬੇਟੇ (ਭਾਈ) ਜੈਤੇ ਨੇ ਨਾਮ/ਅੰਮ੍ਰਿਤ ਪ੍ਰਾਪਤ ਕੀਤਾ। ਸਤਿਗੁਰੂ ਜੀ ਨੇ ਉਸ ਦੀ ਸੁਰਤਿ ਸ਼ਬਦ ਨਾਲ ਮੇਲ, ਨਾਮ-ਉਪਦੇਸ਼ ਦਾ ਦਾਨ ਦਿੱਤਾ। ਸਤਿਗੁਰੂ ਜੀ ਕੰਗਾਲਾਂ ਨੂੰ ਰਾਜੇ ਕਰਕੇ ਅਜਿਹੇ ਸ੍ਰੇਸ਼ਟ ਕਾਰਜ ਕਰ ਰਹੇ ਹਨ। ਜਿਹੜਾ ਸਿੱਖ ਅਜੇ 'ਨਖ਼ਾਲਸ' ਸੀ, ਉਸ ਨੂੰ ਅੰਮ੍ਰਿਤ ਦੀ ਦਾਤ ਦੇ ਕੇ 'ਖ਼ਾਲਸਾ' ਬਣਾ ਦਿੱਤਾ। ਤਦ ਤੋਂ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਲਸਾ-ਪੰਥ ਸਾਰੇ ਜਗਤ ਨੇ (ਉੱਤਮ ਮੰਨ ਲਿਆ ਹੈ) ਤੇ ਸਮਝ ਲਿਆ ਹੈ ਕਿ ਖ਼ਾਲਸਾ ਪੰਥ ਹਰਖ-ਸੋਗ, ਵਿਰੋਧ ਆਦਿ ਤੋਂ ਮੁਕਤ ਹੈ। ਸਤਿਗੁਰੂ ਜੀ ਨੇ ਅਨੰਦਪੁਰ ਸਾਹਿਬ ਨੂੰ ਸਚਖੰਡ ਦੇ ਸਮਾਨ ਕਰ ਦਿੱਤਾ ਹੈ। ਹਰਿ-ਜੱਸ ਗਾਉਂਦੇ ਸਤਿਗੁਰੂ ਦੇ ਸਿੱਖ ਪਰਮੇਸ਼ਰ ਦੇ ਪਿਆਰ ਵਿਚ ਲਿਵਲੀਨ ਹੋਏ ਹਨ॥ ੧॥ ੯੬॥

**ਦੋਹਿਰਾ :** *ਪ੍ਰਭ ਕ੍ਰਿਪਾ ਕਰ ਦੀਜੀਏ ਜੀਵਨ ਸਿੰਘ ਕੋ ਦਾਨ।*
*ਤਨ ਮਨ ਧਨ ਅਰਪਿਤ ਕਰਹੂੰ ਪ੍ਰੀਤੀ ਕੈ ਪ੍ਰਮਾਨ॥ ੧॥ ੯੭॥*

**ਅਰਥ :** ਹੇ ਪਰਮਾਤਮਾ! ਕ੍ਰਿਪਾ ਕਰਕੇ ਜੀਵਨ ਸਿੰਘ ਨੂੰ ਅਜਿਹਾ ਦਾਨ ਬਖ਼ਸ਼ੋ ਕਿ ਮੈਂ ਪ੍ਰਭੂ-ਪ੍ਰੀਤੀ ਵਜੋਂ ਆਪ ਜੀ ਨੂੰ ਤਨ, ਮਨ, ਧਨ ਅਰਪਣ ਕਰ ਸਕਾਂ॥ ੧॥ ੯੭॥

*ਗੁਰ ਸਿਖਨ ਕੀ ਸੇਵ ਤੇ ਮਨ ਤਨ ਭਏ ਅਰੋਗ।*
*ਜੀਵਨ ਸਿੰਘ ਪ੍ਰਭ ਹਰ ਲੀਏ ਕਿਲ ਬਿਖ ਸਗਰੇ ਰੋਗ॥ ੨॥ ੯੮॥*

**ਅਰਥ :** ਗੁਰਸਿੱਖਾਂ ਦੀ ਸੇਵਾ ਕਰਨ ਨਾਲ ਮਨ ਤੇ ਤਨ ਦੇ ਰੋਗ ਮੁਕਤ ਹੋ ਜਾਂਦੇ ਹਨ। (ਭਾਈ) ਜੀਵਨ ਸਿੰਘ ਦੇ ਸਾਰੇ ਰੋਗ, ਗੁਨਾਹ ਪ੍ਰਭੂ ਨੇ ਨਸ਼ਟ ਕਰ ਦਿੱਤੇ ਹਨ॥ ੨॥ ੯੮॥

**ਸਵੈਯਾ :** *ਮੰਦ ਸੁਗੰਧ ਕੁਦੰਬ ਪਵਨ ਜਨ,*
*ਚਵਰ ਕਰਹਿ ਗੁਰ ਕਉ ਸੁਖਦਾਈ।*
*ਬਰ ਭਟ ਸਜੇ ਸੁ ਦੀਵਾਨ ਮਧੇ,*
*ਗੁਰ ਸਿੰਘਨ ਸੰਮੁਖ ਐਸ ਅਲਾਈ।*
*ਨਿਜ ਜੋਤਿ ਧਰੀ ਨਿਜ ਰੂਪ ਦੀਆ,*
*ਤਜ ਬਰਨ ਔ ਜਾਤ ਗੁਰਾਂ ਦਰ ਪਾਈ।*
*ਜੋ ਰੀਤਿ ਗਹਿ*[੧੬੧] *ਸਿੰਘ ਬਿਪਰਨ ਕੀ,*
*ਤਿਨ ਕੋ ਗੁਰ ਦਰਸਨ ਵੰਚਿਤ ਹਾਈ॥ ੧॥ ੯੯॥*

---
੧੬੧. ਪਕੜੇ, ਪ੍ਰਾਪਤ ਕਰੇ।

ਅਰਥ : ਜਾਣ ਲਵੋ ਕਿ ਕੁਟੰਬ ਦੀ ਸੁਗੰਧੀ ਭਰੀ ਸੁਖਦਾਇਕ ਹਵਾ ਗੁਰੂ ਜੀ ਨੂੰ ਹੌਲੀ-ਹੌਲੀ ਚਵਰ ਕਰ ਰਹੀ ਹੈ। ਜੋ ਸ੍ਰੇਸ਼ਟ ਯੋਧੇ ਦੀਵਾਨ/ਸਭਾ ਵਿਚ ਗੁਰੂ ਜੀ ਦੇ ਸਨਮੁਖ ਸੱਜ ਬੈਠੇ ਹਨ, ਉਨ੍ਹਾਂ ਸਿੰਘਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਇਸ ਤਰ੍ਹਾਂ ਫੁਰਮਾਉਂਦੇ ਹਨ ਕਿ ਮੈਂ ਆਪਣੀ ਜੋਤ ਤੁਹਾਡੇ ਹਿਰਦੇ ਵਿਚ ਰੱਖ ਕੇ ਤੁਹਾਨੂੰ ਆਪਣਾ ਰੂਪ ਬਖ਼ਸ਼ ਦਿੱਤਾ ਹੈ ਅਤੇ ਬਿਪਰਵਾਦੀ ਵਰਣ-ਵੰਡ ਤੇ ਉੱਚੀ-ਨੀਵੀਂ ਜਾਤ-ਪਾਤ ਦਾ ਭਰਮ ਖ਼ਤਮ ਕਰਕੇ, ਪ੍ਰਭੂ-ਦਰ ਪ੍ਰਾਪਤ ਕੀਤਾ ਹੈ। ਸੋ ਗੁਰਸਿੱਖੋ! ਯਾਦ ਰੱਖਣਾ, ਜੋ ਵੀ ਸਿੰਘ-ਸਿੰਘਣੀ ਬ੍ਰਾਹਮਣਵਾਦੀ ਸੋਚ ਮੁਤਾਬਕ ਕਰਮ ਕਰੇਗਾ, ਉਸ ਨੂੰ ਗੁਰੂ ਜੀ ਦੇ ਦਰਸ਼ਨ ਪ੍ਰਾਪਤ ਨਹੀਂ ਹੋਣਗੇ॥ ੧॥ ੯੯॥

*ਗੁਰੂ ਗੋਬਿੰਦ ਸਿੰਘ ਕਾ ਸਿਖ ਸੋਇ,*
*ਜੋਇ ਜੋਤਿ ਅਕਾਲ ਸਗਲ ਮਹਿ ਮਾਨੈ।*
*ਬਰਨ ਔ ਜਾਤ ਕੋ ਮਾਨੈ ਨਹਿੰ,*
*ਸੁਭ ਕਰਮਨ ਕਉ ਸੁਭ ਬਰਨ ਬਖਾਨੈ।*
*ਦੀਨਨ ਕੀ ਪ੍ਰਿਤਪਾਲ ਕਰਹਿ,*
*ਅਘਵੰਤ[੧੬੨] ਮਲੀਨ[੧੬੩] ਸਤਰੁ ਸਮ ਜਾਨੈ।*
*ਜਬ ਅਉਧ[੧੬੪] ਬਣੇ ਰਣ ਜੂਝਨ ਕੀ,*
*ਤਬ ਤੇਗ ਕੋ ਜੋਤਿ ਨਿਰੰਜਨ ਮਾਨੈ॥ ੨॥ ੧੦੦॥*

ਅਰਥ : ਉਹ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਸਿੱਖ ਹੋਵੇਗਾ ਜੋ ਹਰ-ਇਕ ਵਿਚ ਅਕਾਲ ਪੁਰਖ ਦੀ ਜੋਤ ਮੰਨਦਾ ਹੈ ਭਾਵ ਪਹਿਚਾਣਦਾ ਹੈ। ਵਰਨ-ਵੰਡ ਤੇ ਜਾਤ-ਪਾਤ ਨੂੰ ਨਾ ਮੰਨੇ ਸਗੋਂ ਚੰਗੇ ਕੰਮ ਕਰਨ ਨੂੰ ਚੰਗਾ ਵਰਨ ਦੱਸੇ। ਦੀਨ-ਦੁਖੀਆਂ ਦੀ ਸੇਵਾ-ਸੰਭਾਲ ਕਰੇ ਅਤੇ ਮਲੀਨ ਬੁੱਧੀ ਵਾਲੇ ਪਾਪੀਆਂ ਨੂੰ ਦੁਸ਼ਮਣ ਦੇ ਸਮਾਨ ਜਾਣੇ। ਜਦੋਂ ਰਣਭੂਮੀ ਵਿਚ ਜੂਝਣ ਦਾ ਸਮਾਂ ਆਵੇ ਉਦੋਂ ਕਿਰਪਾਨ ਨੂੰ ਹੀ ਅਕਾਲ ਪੁਰਖ ਦੀ ਜੋਤ ਸਵੀਕਾਰ ਕਰੇ॥ ੨॥ ੧੦੦॥

*ਜੁਧ ਜੋਰ ਭਯਾ ਦੁਹਿ ਓਰਨ ਤੇ*
*ਦੁਹਿ ਸੈਨਨ ਅਤਿ ਪ੍ਰਹਾਰ ਲਗਾਏ।*
*ਕਰਿ ਕੁੰਭ[੧੬੫] ਕੇ ਸੰਗਿ ਕਰਿ ਕੁੰਭ ਮਿਲੇ*
*ਸਰ[੧੬੬] ਅਤਿ ਭਿਆਨ ਪਦਾਤ[੧੬੭] ਚਲਾਏ।*
*ਗੜ ਗੜ ਬੰਦੂਕਹਿ ਸੋਰ ਮਚਹਿ*
*ਜਨ ਤੋਇਦ[੧੬੮] ਨੰਦਪੁਰੀ ਘਿਰ ਆਏ।*
*ਡਰ ਕਾਤਰ ਰਣਿ ਮੁਖ ਮੋਰ ਗਏ*
*ਜੁਧ ਮਹਿੰ ਬਰ ਬੀਰ ਅਤਿ ਹਰਖਾਏ॥ ੩॥ ੧੦੧॥*

---

੧੬੨. ਪਾਪੀ, ੧੬੩. ਮੰਦੀ ਮਤਿ ਵਾਲੇ, ੧੬੪. ਸਮਾਂ, ੧੬੫. ਗੁਰਜ, ੧੬੬. ਤੀਰ, ੧੬੭. ਪੈਦਲ, ੧੬੮. ਬੱਦਲ।

**ਅਰਥ :** ਦੋਹਾਂ ਪਾਸਿਆਂ ਤੋਂ ਯੁੱਧ ਬੜੇ ਜ਼ੋਰ ਨਾਲ ਸ਼ੁਰੂ ਹੋਇਆ। ਦੋਹਾਂ ਪਾਸਿਆਂ ਦੀ ਸੈਨਾ ਨੇ (ਆਹਮੋ-ਸਾਹਮਣੇ) ਬੜੇ ਵਾਰ ਕੀਤੇ। ਗੁਰਜਾਂ ਵਾਲਿਆਂ ਦੇ ਹੱਥ ਗੁਰਜਾਂ ਵਾਲਿਆਂ ਨਾਲ ਜਾ ਭਿੜੇ। ਪੈਦਲ ਚੱਲਣ ਵਾਲੇ ਜੋਧਿਆਂ ਨੇ ਭਿਆਨਕ ਤੀਰ ਚਲਾਏ। ਬੰਦੂਕਾਂ ਦੀ ਗੜ-ਗੜ ਦਾ ਸ਼ੋਰ ਇੰਝ ਮੱਚਿਆ ਜਿਵੇਂ ਅਨੰਦਪੁਰ ਸਾਹਿਬ ਦੇ ਕਿਲ੍ਹੇ 'ਤੇ ਬੱਦਲ ਘਿਰ ਆਏ ਹੋਣ। ਕਾਇਰ/ਡਰਪੋਕ ਜੰਗ ਦੇ ਮੈਦਾਨ ਵਿੱਚੋਂ ਡਰਦੇ ਭੱਜ ਗਏ ਪਰ ਜੰਗ ਲੜ ਰਹੇ ਜੋਧੇ ਬਹੁਤ ਪ੍ਰਸੰਨ ਸਨ॥ ੩॥ ੧੦੧॥

**ਦੋਹਿਰਾ :** *ਸੁਤ ਦਾਰਾ ਕੈ ਕਾਰਣਹਿੰ ਚੀਤ ਬਢਾਈ ਚਿੰਤ।*
*ਕਿਉਂ ਕਰ ਚੀਤ ਨ ਚੇਤਈ ਰਾਖਨਹਾਰੁ ਬਚਿੰਤ॥ ੧॥ ੧੦੨॥*

**ਅਰਥ :** ਪੁੱਤਰ ਇਸਤਰੀ ਦੇ ਮੋਹ ਕਰਕੇ ਮਨ ਵਿਚ ਬਹੁਤ ਚਿੰਤਾ/ਫ਼ਿਕਰ ਵਧ ਗਈ। ਪਰ ਰਾਖਨਹਾਰ ਪ੍ਰਮੇਸ਼ਰ ਦਾ ਚਿੱਤ ਵਿਚ ਚਿੰਤਨ ਕਿਉਂ ਨਹੀਂ ਕਰਦਾ?॥ ੧॥ ੧੦੨॥

*ਬੇਮੁਖ ਗੁਰ ਤੇ ਹੋਇ ਕੈ ਕਿਤ ਵਲ ਜਾਸੇਂ ਬੀਰ।*
*ਜੀਵਨ ਸਿੰਘ ਜੀਵਨ ਲਈ ਗੁਰ ਤਜ ਕਰਨ ਤਕਸੀਰ॥ ੨॥ ੧੦੩॥*

**ਅਰਥ :** (ਭਾਈ) ਜੀਵਨ ਸਿੰਘ ਜੀ ਕਹਿੰਦੇ ਹਨ ਕਿ ਜਿਹੜੇ ਸਿੱਖ/ਜੋਧੇ ਦੁਨਿਆਵੀ ਜੀਵਨ ਵਾਸਤੇ ਗੁਰੂ ਨੂੰ ਛੱਡ ਦਿੰਦੇ ਹਨ, ਉਹ ਗ਼ਲਤੀ ਕਰਦੇ ਹਨ, ਕਿਉਂਕਿ ਗੁਰੂ ਜੀ ਤੋਂ ਬੇਮੁਖ ਹੋ ਕੇ ਉਹ ਕਿਸ ਵੱਲ ਜਾਣਗੇ ਭਾਵ ਉਹ ਗੁਰੂ ਜੀ ਤੋਂ ਵਿੱਛੜ ਕੇ ਖਜਲ-ਖ਼ੁਆਰ ਹੁੰਦੇ ਹਨ॥ ੨॥ ੧੦੩॥

*ਜੋ ਪ੍ਰਤਖ ਹਦੂਰਿ ਹੈ ਪ੍ਰੇਮ ਕਰਹਿ ਨਹਿੰ ਤਾਹਿੰ।*
*ਕਿਹ ਬਿਧਿ ਪ੍ਰੇਮ ਉਪਾਵਨਿ ਜੋ ਤਉ ਦੀਖਤ ਨਾਹਿੰ॥ ੩॥ ੧੦੪॥*

**ਅਰਥ :** ਗੁਰ-ਪ੍ਰਮੇਸ਼ਰ ਪ੍ਰਤੱਖ ਸਾਹਮਣੇ ਹੈ। ਉਸ ਨਾਲ ਜੋ ਪ੍ਰੇਮ ਨਹੀਂ ਕਰਦੇ, ਭਲਾ ਉਹ ਉਸ ਨਾਲ ਕਿਵੇਂ ਪ੍ਰੇਮ ਕਰ ਸਕਦੇ ਹਨ ਜੋ ਅਦ੍ਰਿਸ਼ਟ ਹੈ?॥ ੩॥ ੧੦੪॥

*ਝੇਰਾ ਗਲੀਂ ਨ ਨਿਬਰੈ ਸੁਫਲਾ ਸੰਗ ਬਿਚਾਰ।*
*ਸੁਭ ਕਰਮਨ ਤੇ ਪਾਈਐ ਸਚਾ ਗੁਰਦਰਬਾਰ॥ ੪॥ ੧੦੫॥*

**ਅਰਥ :** ਪ੍ਰਮੇਸ਼ਰ ਦੇ ਨਾਮ/ਮਿਲਾਪ ਦਾ ਝਗੜਾ ਗੱਲਾਂ ਨਾਲ ਨਹੀਂ ਨਿਬੜਦਾ। ਉਹ ਸ਼ੁਭ ਵਿਚਾਰ ਨਾਲ ਨਿਬੜਦਾ ਹੈ ਅਤੇ ਚੰਗੇ ਕਰਮ ਕਰਨ ਨਾਲ ਗੁਰੂ-ਦਰਬਾਰ ਦੀ ਪ੍ਰਾਪਤੀ ਹੁੰਦੀ ਹੈ॥ ੪॥ ੧੦੫॥

*ਗੁਰ ਕ੍ਰਿਪਾ ਬਿਨ ਪ੍ਰੇਮ ਨਹਿੰ ਪ੍ਰੇਮ ਬਿਨਾ ਨਹਿੰ ਆਗ।*
*ਪ੍ਰੇਮਾਗਨਿ ਬਿਨ ਨਿਮਰਤਾ ਨਹਿੰ ਹਉਮੈਂ ਪ੍ਰਤਿਆਗ॥ ੫॥ ੧੦੬॥*

**ਅਰਥ** : ਗੁਰੂ ਜੀ ਦੀ ਕ੍ਰਿਪਾ ਤੋਂ ਬਿਨਾਂ ਹਿਰਦੇ ਵਿਚ ਪ੍ਰੇਮ ਤੇ ਪ੍ਰੇਮ ਤੋਂ ਬਿਨਾਂ ਪ੍ਰੇਮ-ਅਗਨਿ ਅਤੇ ਪ੍ਰੇਮ-ਅਗਨਿ ਤੋਂ ਬਗ਼ੈਰ ਨਿਮਰਤਾ ਪ੍ਰਾਪਤ ਨਹੀਂ ਹੁੰਦੀ ਅਤੇ ਨਾ ਹੀ ਹਉਮੈ ਦਾ ਤਿਆਗ ਹੁੰਦਾ ਹੈ॥ ੫॥ ੧੦੬॥

**ਸਬਦ** : *ਮਾਯਾ ਮੋਹ ਵਿਡੰਬਨ[੧੬੯] ਕਰਹਿਂ ਇਨ ਤੇ ਚੀਤ ਨ ਧਰਿਓ ਰੇ।*
*ਕ੍ਰੋਧ ਲੋਭ ਹੰਕਾਰ ਛੀਜਾਣੈ[੧੭੦] ਗੁਰਮੁਖ ਇਨ ਤੇ ਲਰਿਓ ਰੇ।*
*ਕਾਮ ਬਲੀ ਬਹੁ ਸੰਤ ਸਤਾਣੈ ਗੁਰ ਸਿਖ ਸਰਨੀ ਪਰਿਓ ਰੇ।*
*ਗੁਰ ਸਬਦਿ ਏਹੁ ਜੁਗਤਿ ਬਨਾਈ ਹਉਮੈਂ ਦੈਂਤ ਜਕਰਿਓ ਰੇ।*
*ਗੁਰ ਹੁਕਮਿ ਸੁਭ ਕਰਮ ਕਮਾਣੈ ਜਮ ਕਾ ਸੰਸਾ ਮਰਿਓ ਰੇ।*
*ਜਨਮ ਮਰਣ ਕੀ ਫਾਂਸੀ ਕਾਟੀ ਸਤਿ ਸੰਗ ਪਾਰ ਉਤਰਿਓ ਰੇ।*
*ਜਯਤੇ ਸਤਿਗੁਰ ਸੰਗਤ ਪਾਈ ਸੰਤ ਜਨਾ ਸੰਗ ਤਰਿਓ ਰੇ॥ ੧॥ ੧੦੭॥*

**ਅਰਥ** : ਮੋਹ ਮਾਇਆ ਪਾਖੰਡ ਕਰ ਰਹੀ ਹੈ। ਇਸ ਵੱਲ ਧਿਆਨ ਨਾ ਦੇਵੋ। ਕ੍ਰੋਧ, ਲੋਭ, ਅਹੰਕਾਰ ਨੂੰ ਗੁਰਮੁੱਖਾਂ ਨੇ ਲੜ ਕੇ ਨਾਸ ਕੀਤਾ ਹੈ। ਜਿਸ ਬਲਵਾਨ ਕਾਮ ਨੇ ਸੰਤਾਂ ਨੂੰ ਬਹੁਤ ਸਤਾਇਆ, ਉਹ ਗੁਰਸਿੱਖਾਂ ਦੀ ਚਰਨ-ਸ਼ਰਨੀਂ ਢਹਿ ਪਿਆ। ਉਨ੍ਹਾਂ ਨੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਐਸੀ ਜੁਗਤਿ ਰਚੀ ਕਿ ਹਉਮੈ ਰੂਪੀ ਦੈਂਤ ਨੂੰ ਵੀ ਫੜ ਲਿਆ। ਗੁਰੂ ਦੇ ਹੁਕਮ ਵਿਚ ਚੰਗੇ ਕਰਮ ਕਮਾਉਣ ਨਾਲ ਗੁਰਸਿੱਖਾਂ ਦੇ ਮਨ ਵਿਚ ਜਮਾਂ ਦਾ ਡਰ/ਸਹਿਮ ਖ਼ਤਮ ਹੋ ਗਿਆ। ਗੁਰਸਿੱਖ ਦੀ ਜਨਮ-ਮਰਨ ਦੀ ਫਾਹੀ ਕੱਟੀ ਗਈ ਅਤੇ ਸਤਿ-ਸੰਗਤ ਕਰਨ ਨਾਲ ਉਹ ਭਵਸਾਗਰ ਤਰ ਗਿਆ। ਹੇ ਭਾਈ! ਜੈਤੇ ਨੇ ਸਤਿਗੁਰੂ ਜੀ ਦੀ ਸੰਗਤ ਪ੍ਰਾਪਤ ਕੀਤੀ ਤੇ ਸੰਤ ਜਨਾਂ ਭਾਵ ਗੁਰਸਿੱਖਾਂ ਦੀ ਸੰਗਤ ਕਰਨ ਨਾਲ ਤਰ ਗਿਆ॥ ੧॥ ੧੦੭॥

**ਸਵੈਯਾ** : *ਜਹਿਂ ਮੁਸਕਲ ਅਤਿ ਸਿਰ ਆਨ ਬਨੇ,*
*ਤਹਿਂ ਨਾਮੁ ਤੇਰੋ ਸੁਖਦਾਈ ਹੈ।*
*ਜਹਿਂ ਬੰਧਪ ਸੰਗ ਸਬ ਤਜ ਜੈਂ ਹੈਂ,*
*ਤਹਿ ਸੰਗ ਤੇਰੈ ਰਘੁਰਾਈ ਹੈ।*
*ਜਹਿਂ ਅੰਧ ਕੂਪ ਅੰਧਿਆਰ ਬਨੇ,*
*ਹਰਿ ਨਾਮੁ ਤਾਹਿਂ ਰੁਸਨਾਈ ਹੈ।*
*ਜਹਿਂ ਸਿੰਧੁ ਅਥਾਹ ਘੁਮਘੇਰ[੧੭੧] ਬਨੇ,*
*ਹਰਿ ਨਾਮ ਜਪਤੁ ਤਰ ਜਾਈ ਹੈ।*
*ਜਹਿਂ ਮਹਾ ਭਿਆਨਿਕ ਅਗਨਿ ਜਲੇ,*
*ਹਰਿ ਨਾਮ ਪੁਹਾਰ[੧੭੨] ਸਹਾਈ ਹੈ॥ ੧॥ ੧੦੮॥*

**ਅਰਥ** : ਹੇ ਭਾਈ! ਜਿੱਥੇ ਤੇਰੇ ਸਿਰ ਬਹੁਤ ਮੁਸ਼ਕਲ ਆ ਪਵੇ ਤਾਂ ਉਸ ਸਮੇਂ ਪ੍ਰਮੇਸ਼ਰ

---

੧੬੯. ਪਾਖੰਡ, ਵਿਖਾਵਾ, ੧੭੦. ਨਾਸ ਕੀਤਾ, ੧੭੧. ਘੁਮਣਘੇਰੀ, ੧੭੨. ਵਰਖਾ

ਦਾ ਨਾਮ ਤੈਨੂੰ ਸੁਖ ਦੇਣ ਵਾਲਾ ਹੈ। ਜਦੋਂ ਸਾਰੇ ਸਨਬੰਧੀ ਤੇ ਸੰਗੀ-ਸਾਥੀ ਸਾਥ ਛੱਡ ਜਾਣ, ਉਸ ਸਮੇਂ ਤੇਰਾ ਸਾਥ ਦੇਣ ਵਾਲਾ ਪਰਮਾਤਮਾ ਹੈ। ਜਿੱਥੇ ਅਗਿਆਨਤਾ ਦਾ ਘੁੱਪ ਹਨੇਰਾ ਬਣ ਜਾਵੇ, ਉੱਥੇ ਪਰਮਾਤਮਾ ਦਾ ਨਾਮ-ਸ਼ਬਦ ਪ੍ਰਕਾਸ਼ ਕਰਦਾ ਹੈ। ਜਿੱਥੇ ਸੰਸਾਰਿਕ ਜੀਵਨ ਵਿਚ ਚਿੰਤਾ-ਅੰਦੇਸੇ ਰੂਪੀ ਘੁੰਮਣਘੇਰੀ ਹੋਵੇ, ਉਸ ਨੂੰ ਨਾਮ ਜਪ ਕੇ ਤਰ ਜਾਈਦਾ ਹੈ। ਜਿੱਥੇ ਮਹਾਂ ਭਿਆਨਕ ਤ੍ਰਿਸ਼ਨਾ ਦੀ ਅੱਗ ਬਲੇ, ਉੱਥੇ ਪ੍ਰਭੂ-ਨਾਮ ਦੀ ਬਰਸਾਤ ਸਹਾਈ ਹੁੰਦੀ ਹੈ॥ ੧॥ ੧੦੮॥

ਚੌਪਈ: *ਗੁਰ ਸਿਖਿ ਸੇਵਾ ਊਚ ਤੇ ਊਚੀ।*
*ਗੁਰ ਸਿਖਿ ਸੇਵਾ ਸੂਚ ਤੇ ਸੂਚੀ।*
*ਗੁਰ ਸਿਖਿ ਸੇਵਾ ਦੇਹਿ ਪਵਿਤ੍ਰਾ।*
*ਗੁਰ ਸਿਖਿ ਸੇਵਾ ਸਤਰੁ ਭਿ ਮਿਤ੍ਰਾ।*
*ਗੁਰ ਸਿਖਿ ਸੇਵਾ ਉਤਮ ਧਰਮ।*
*ਗੁਰ ਸਿਖਿ ਸੇਵਾ ਸੁਫਲ ਕਰਮ।*
*ਗੁਰ ਸਿਖਿ ਸੇਵਾ ਤੇ ਮਨ ਨਿਰਮਲ।*
*ਗੁਰ ਸਿਖਿ ਸੇਵਾ ਉਤਰੈ ਕਲਮਲ।*
*ਗੁਰ ਸਿਖਿ ਸੇਵਾ ਕਰਹਿ ਵਡਭਾਗਾ।*
*ਜਾ ਕਾ ਮਸਤਕ*[੧੭੩] *ਸੋਇਆ ਜਾਗਾ।*
*ਗੁਰ ਸਿਖਿ ਧੂਰੀ ਮੁਕਤਿ ਪ੍ਰਾਪਤ।*
*ਗੁਰ ਸਿਖਿ ਸੇਵ ਨ ਦੂਖ ਬਿਆਪਤ।*
*ਜਯਤੇ ਸਿਖਿ ਸੇਵਾ ਮੁਖ ਉਜਵਲ*[੧੭੪]*।*
*ਗੁਰ ਸਿਖਿ ਸੇਵਾ ਤਰੀਐ ਭਉਜਲ॥ ੧॥ ੧੦੯॥*

ਅਰਥ: ਗੁਰਸਿੱਖ ਦੀ ਸੇਵਾ ਕਰਨੀ ਉੱਚੀ ਤੋਂ ਉੱਚੀ ਤੇ ਸੁੱਚੀ ਤੋਂ ਸੁੱਚੀ ਹੈ। ਗੁਰਸਿੱਖ ਦੀ ਸੇਵਾ ਕਰਨ ਨਾਲ ਸਰੀਰ ਪਵਿੱਤਰ ਹੁੰਦਾ ਹੈ ਤੇ ਦੁਸ਼ਮਣ ਮਿੱਤਰ ਬਣ ਜਾਂਦੇ ਹਨ। ਗੁਰਸਿੱਖਾਂ ਦੀ ਸੇਵਾ ਕਰਨੀ ਸ੍ਰੇਸ਼ਟ ਧਰਮ ਹੈ ਅਤੇ ਫਲਦਾਇਕ ਕਰਮ ਹੈ। ਗੁਰਸਿੱਖ ਦੀ ਸੇਵਾ ਕਰਨ ਨਾਲ ਮਨ ਨਿਰਮਲ ਹੋ ਜਾਂਦਾ ਹੈ ਅਤੇ ਮਾਯਾ/ਵਿਕਾਰਾਂ ਦੀ ਮੈਲ ਮਨ ਤੋਂ ਲੱਥ ਜਾਂਦੀ ਹੈ। ਗੁਰਸਿੱਖ ਦੀ ਸੇਵਾ ਵੱਡੇ ਭਾਗਾਂ ਵਾਲਾ ਹੀ ਕਰਦਾ ਹੈ, ਜਿਸ ਦੇ ਸੁੱਤੇ ਹੋਏ ਭਾਗ ਜਾਗ ਪੈਂਦੇ ਹਨ। ਗੁਰਸਿੱਖਾਂ ਦੀ ਚਰਨ-ਧੂੜ ਨਾਲ ਮੋਖ-ਪਦਵੀ ਪ੍ਰਾਪਤ ਹੁੰਦੀ ਹੈ ਅਤੇ ਜਨਮ-ਮਰਨ ਆਦਿ ਦੁੱਖ ਨਹੀਂ ਬਿਆਪਦਾ। ਹੇ ਜੈਤੇ! ਗੁਰਸਿੱਖਾਂ ਦੀ ਸੇਵਾ ਕਰਨ ਨਾਲ ਮੁਖ ਸੁਰਖ਼ਰੂ ਹੁੰਦਾ ਹੈ ਅਤੇ ਭਵਜਲ/ਸੰਸਾਰ ਤਰ ਜਾਈਦਾ ਹੈ॥ ੧॥ ੧੦੯॥

---

੧੭੩. ਭਾਗ (ਕਿਸਮਤ), ੧੭੪. ਉਜਲਾ, ਸਾਫ਼-ਸੁਥਰਾ

*ਸਵੈਯਾ : ਪਾਂਚ ਬਡੇ ਪ੍ਰਭ ਕੈ ਦਰ ਹੈਂ,*
*ਅਰ ਪਾਂਚ ਕਾ ਮਾਨ ਹੈ ਗੁਰਦਰਬਾਰੇ।*
*ਕ੍ਰਿਪਾਨ ਕੜਾ ਕਛ ਕੇਸ ਕੰਕਤ,*[੧੭੫]
*ਕਰ ਦੀਨਹਿੰ ਨਿਸਚੈ ਪਾਂਚ ਕਕਾਰੇ।*
*ਪਾਂਚ ਕਕਾਰ ਦੀਏ ਗੁਰ ਨੇ,*
*ਪੁੰਜ ਪਾਂਚ ਕਾ ਪਾਂਚ ਵਿਕਾਰਨ ਮਾਰੇ।*
*ਭੇਦ ਕੋਇ ਗੋਪ*[੧੭੬] *ਨਹਿ ਇਨ ਮਹਿੰ*
*ਪ੍ਰਭ ਕੇ ਚਿੰਨ੍ਹ ਪਾਂਚ ਪ੍ਰਭੂ ਅਤਿ ਪਿਆਰੇ॥ ੧॥ ੧੧੦॥*

ਅਰਥ : ਪਰਮਾਤਮਾ ਦੇ ਦਰ 'ਤੇ ਪੰਜ ਵੱਡੇ ਹਨ ਅਤੇ ਗੁਰੂ ਦਰਬਾਰ ਵਿਚ ਪੰਜਾਂ ਦਾ ਹੀ ਮਾਨ ਹੈ। ਕ੍ਰਿਪਾਨ, ਕੜਾ, ਕਛਹਿਰਾ, ਕੇਸ, ਕੰਘਾ ਇਹ ਪੰਜ ਕਕਾਰ ਸਤਿਗੁਰੂ ਜੀ ਨੇ ਨਿਸਚਿਤ ਕਰ ਦਿੱਤੇ ਹਨ। ਇਹ ਪੰਜ ਕਕਾਰ ਜੋ ਸਤਿਗੁਰੂ ਜੀ ਨੇ ਦਿੱਤੇ ਹਨ, ਇਹ ਪੰਜਾਂ ਵਿਕਾਰਾਂ ਦਾ ਨਾਸ ਕਰਦੇ ਹਨ। ਹੇ ਭਾਈ! ਇਸ ਵਿਚ ਕੋਈ ਭੇਦ ਛੁਪਿਆ ਹੋਇਆ ਨਹੀਂ ਹੈ। ਗੁਰ-ਪ੍ਰਮੇਸ਼ਰ ਦੇ ਬਖ਼ਸ਼ੇ ਪੰਜ ਕਕਾਰ (ਚਿੰਨ੍ਹ) ਉਸ ਨੂੰ ਬਹੁਤ ਪਿਆਰੇ ਹਨ॥ ੧॥ ੧੧੦॥

---

੧੭੫. ਕੰਘਾ, ੧੭੬. ਛੁਪਿਆ ਹੋਇਆ

# ਅੰਮ੍ਰਿਤ ਬਿਧਿ

**ਸਵੈਯਾ :** *ਆਇਂ ਜਬਹਿ ਅੰਮ੍ਰਿਤ ਅਭਿਲਾਖੀ,*
*ਪਾਂਚ ਸੁ ਸਿੰਘਨ ਚਯਨ[1] ਕਰੀਜੈ।*
*ਸਕੇਸ[2] ਕਰਹਿਂ ਇਸਨਾਨ ਸਬਹਿ ਜਨ,*
*ਨਿਰਮਲ ਸਵਛ ਪੁਸਾਕ ਪਹਿਰੀਜੈ।*
*ਨਿਰਮਲ ਕੰਬਰ[3] ਦੇਹੁ ਬਿਛਾਈ,*
*ਸਭ ਤਿਸ ਕੰਬਰ ਆਸਨ ਕੀਜੈ।*
*ਕੰਬਰ ਊਪਰ ਰਾਖ ਲੋਹ ਪਾਤਰ,[4]*
*ਪਾਤਰ ਮਹਿ ਸਭ ਨਦਰਿ ਟਿਕੀਜੈ॥ ੧॥ ੧੧੧॥*

**ਅਰਥ :** ਜਦੋਂ ਅੰਮ੍ਰਿਤ ਛਕਣ ਦੇ ਚਾਹਵਾਨ ਆਉਣ ਤਾਂ ਪੰਜ ਪਿਆਰਿਆਂ (ਸਿੰਘਾਂ) ਦੀ ਚੋਣ ਕਰੋ। ਉਹ ਸਣੇ ਕੇਸ ਇਸ਼ਨਾਨ ਕਰਨ ਅਤੇ ਸਾਫ਼-ਸੁਥਰੇ ਬਸਤਰ-ਪੁਸ਼ਾਕੇ ਪਹਿਨਣ। ਸਾਫ਼ ਕੰਬਲ ਧਰਤੀ ਉੱਪਰ ਵਿਛਾਇਆ ਜਾਵੇ ਜਿਸ ਉੱਪਰ ਉਹ (ਪੰਜ ਪਿਆਰੇ) ਆਸਣ ਲਗਾਉਣ। ਕੰਬਲ ਉੱਪਰ ਲੋਹੇ ਦਾ ਬਾਟਾ ਰੱਖ ਲੈਣ ਅਤੇ ਆਪਣੀ ਨਜ਼ਰ ਉਸ ਬਾਟੇ ਉੱਪਰ ਟਿਕਾ ਲੈਣ॥ ੧॥ ੧੧੧॥

*ਪਾਂਚ ਕਕਾਰ ਸੰਪੂਰਣ ਦੇਖਿ ਕੈ,*
*ਯਾਚਕ ਸਿਖਹਿ ਸੰਮੁਖ[5] ਬੈਠੀਜੈ।*
*ਜਲੋ[6] ਬਤਾਸੇ[7] ਲੋਹ ਪਾਤਰ ਮਹਿਂ ਡਾਰਿ ਕੈ,*
*ਤਹਿ ਸਿਖ ਆਸਨ ਬੀਰ[8] ਲਵੀਜੈ।*
*ਹਾਥ ਪ੍ਰਥਮ ਸਿੰਘ ਖੰਡੇ ਕਉ ਲੇਕਰ,*
*ਜਲੋ ਬਤਾਸੋ ਕਉ ਖੂਬ ਮਿਲੀਜੈ।*
*ਜਪੁ ਕੋ ਪਾਠ ਕਰਹਿ ਸੰਗ ਤਿਹ ਸਿਖ,*
*ਪਾਤਰਿ ਦੂਸਰ ਹਾਥ ਧਰੀਜੈ॥ ੨॥ ੧੧੨॥*

**ਅਰਥ :** ਅੰਮ੍ਰਿਤ-ਅਭਿਲਾਖੀ ਦੇ ਪੂਰੇ ਪੰਜ ਕਕਾਰ ਵੇਖ ਕੇ ਸਾਹਮਣੇ ਬੈਠਾ ਲਵੋ। ਲੋਹੇ ਦੇ ਬਾਟੇ ਵਿਚ ਜਲ ਤੇ ਪਤਾਸੇ ਪਾ ਕੇ ਉੱਥੇ ਸਿੰਘ ਬੀਰ ਆਸਣ ਲਗਾ ਲੈਣ। ਪਹਿਲਾ ਸਿੰਘ ਹੱਥ ਵਿਚ ਖੰਡਾ ਲੈ ਕੇ ਜਲ ਤੇ ਪਤਾਸਿਆਂ ਨੂੰ ਚੰਗੀ ਤਰ੍ਹਾਂ ਰਲਾਵੇ, ਦੂਸਰਾ ਹੱਥ ਬਾਟੇ ਉੱਪਰ ਰੱਖੇ ਤੇ ਨਾਲ ਜਪੁਜੀ ਸਾਹਿਬ ਦਾ ਪਾਠ ਕਰੇ॥ ੨॥ ੧੧੨॥

੧. ਚੋਣ, ੨. ਕੇਸਾਂ ਸਹਿਤ, ੩. ਕੰਬਲ, ੪. ਲੋਹੇ ਦਾ ਬਾਟਾ, ੫. ਸਾਹਮਣੇ, ੬. ਜਲ, ੭. ਪਤਾਸੇ, ੮. ਬੀਰ ਆਸਣ

*ਪਾਚਹੁੰ ਮਹਿ ਚਾਰ ਸੁ ਹੋਵਹਿੰ ਅਵਰ ਜੋਇ,*
*ਪਾਤਰ ਊਪਰ ਹਾਥ ਰਖੀਜੈ।*
*ਆਪਨ ਆਪਨ ਬਾਰ[੯] ਘੇ ਪਾਂਚਹੁੰ,*
*ਪਾਂਚ ਹੀ ਬਾਣੀ ਕੋ ਪਾਠ ਪੜੀਜੈ।*
*ਜਪੁ ਜਾਪ ਸਵੈਯੇ ਚੌਪਈ ਅਨੰਦ ਕੈ,*
*ਪਾਠ ਸੋਂ ਪਾਹੁਲ ਤਿਆਰ ਕਰੀਜੈ।*
*ਪਾਂਚ ਚੁਲੇ ਮੁਖ ਪਾਵਹਿ ਸੁ ਯਾਚਕ,[੧੦]*
*ਏਤ ਹੀ ਨੇਤਰ ਕੇਸ ਪਵੀਜੈ॥ ੩॥ ੧੧੩॥*

ਅਰਥ : ਪੰਜਾਂ (ਪਿਆਰਿਆਂ) ਸਿੰਘਾਂ ਵਿੱਚੋਂ ਜੋ ਬਾਕੀ ਚਾਰ ਸਿੰਘ ਹੋਣ, ਉਹ ਵੀ ਬਾਟੇ ਉੱਪਰ ਹੱਥ ਰੱਖਣ। ਫਿਰ ਆਪਣੀ-ਆਪਣੀ ਵਾਰੀ ਅਨੁਸਾਰ ਪੰਜਾਂ ਹੀ ਬਾਣੀਆਂ ਦਾ ਪਾਠ ਕਰਨ। ਜਪੁਜੀ ਸਾਹਿਬ, ਜਾਪ ਸਾਹਿਬ, ਸਵੱਈਏ, ਚੌਪਈ ਸਾਹਿਬ ਤੇ ਅਨੰਦ ਸਾਹਿਬ ਦਾ ਪਾਠ ਕਰਦਿਆਂ ਖੰਡੇ ਦੀ ਪਾਹੁਲ ਭਾਵ ਅੰਮ੍ਰਿਤ ਤਿਆਰ ਕਰਨ। ਤਿਆਰ ਹੋਏ ਅੰਮ੍ਰਿਤ ਵਿੱਚੋਂ ਅੰਮ੍ਰਿਤ ਅਭਿਲਾਖੀਆਂ ਦੇ ਪੰਜ ਚੁਲੇ ਮੂੰਹ ਵਿਚ ਪਾਏ ਜਾਣ ਅਤੇ ਪੰਜ-ਪੰਜ ਹੀ ਚੁਲੇ ਨੇਤਰਾਂ ਤੇ ਕੇਸਾਂ ਵਿਚ ਪਾਏ ਜਾਣ॥ ੩॥ ੧੧੩॥

*ਪ੍ਰਤਿ ਏਕ ਚੁਲੇ ਸੰਗ ਯਾਚਕ ਮੁਖ ਤੇ,*
*ਵਾਹਿਗੁਰੂ ਕੀ ਫਤਹਿ ਗਜਾਵੈ।*
*ਯਾਚਕ ਸਿੰਘ ਜੋ ਅਵਰ ਭਿ ਹੋਇੰ,*
*ਅੰਮ੍ਰਿਤ ਏਕੁ ਹੀ ਪਾਤਰ ਪਾਵੈ।*
*ਰਹਿਤ ਕੁਰਹਿਤ ਬਤਾਇ ਕੈ ਸਬਹਿਨ,*
*ਅਰਦਾਸ ਕਰਹਿ ਪ੍ਰਸਾਦਿ ਦਵਾਵੈ।*
*ਪੁਨ ਸਬ ਏਕੁ ਹੀ ਬਰਤਨ ਮਾਹਿੰ,*
*ਏਕਠਿ[੧੧] ਖਾਨ[੧੨] ਔ ਪਾਨ[੧੩] ਕਰਾਵੈ॥*

ਅਰਥ : ਹਰ ਇਕ ਚੁਲੇ ਨਾਲ ਅੰਮ੍ਰਿਤ-ਅਭਿਲਾਖੀ ਵਾਹਿਗੁਰੂ ਜੀ ਕਾ ਖਾਲਸਾ; ਵਾਹਿਗੁਰੂ ਜੀ ਕੀ ਫਤਹਿ ਬੁਲਾਵੇ। ਅੰਮ੍ਰਿਤ ਜਾਚਕ ਸਿੰਘ ਕੋਈ ਵੀ ਹੋਵੇ, ਸਭ ਇਕੋ ਬਾਟੇ ਵਿਚੋਂ ਅੰਮ੍ਰਿਤ ਛਕਣ। ਪੰਜਾਂ ਪਿਆਰਿਆਂ ਵਿੱਚੋਂ ਇਕ ਸਿੰਘ ਸਾਰੇ ਅੰਮ੍ਰਿਤ-ਜਾਚਕਾਂ ਨੂੰ ਰਹਿਤਾਂ ਕੁਰਹਿਤਾਂ ਬਾਰੇ ਦੱਸੇ ਤੇ ਫਿਰ ਅਰਦਾਸ ਕਰਕੇ ਕੜਾਹ ਪ੍ਰਸਾਦ ਵਰਤਾਇਆ ਜਾਵੇ। ਫਿਰ ਸਾਰਿਆਂ ਨੂੰ ਇਕ ਹੀ ਬਰਤਨ ਵਿਚ ਖੁਆਇਆ-ਪਿਆਇਆ ਜਾਵੇ (ਤਾਂ ਕਿ ਉਨ੍ਹਾਂ ਦੇ ਮਨ ਵਿਚ ਆਪਸੀ ਪ੍ਰੇਮ ਵਧੇ ਤੇ ਮਨ ਊਚ-ਨੀਚ ਤੇ ਜਾਤ-ਪਾਤ ਦੇ ਭਰਮ ਤੋਂ ਮੁਕਤ ਹੋ ਜਾਵੇ)।

---

੯. ਆਪੋ ਆਪਣੀ ਵਾਰੀ, ੧੦. ਚਾਹਵਾਨ, ੧੧. ਇੱਕਠਿਆਂ, ੧੨. ਖਾਣ, ੧੩. ਪੀਣ

# ਰਹਿਤ

**ਸਵੈਯਾ :** *ਅਬ ਰਹਿਤ ਸੁਨਹੁ ਗੁਰ ਸਿੰਘਨ ਕੀ,*
*ਹਰਿ ਧਿਆਨ ਧਰੇ ਉਰ ਜੁਧ[1] ਚਿਤਾਰੇ।*
*ਜਬ ਆਰਿਤ ਆਇ ਪੁਕਾਰ ਕਰਹਿੰ,*
*ਨਿਜ ਸੁਖ ਤਜੇ ਤਿਨ ਦੂਖ ਨਿਵਾਰੇ।*
*ਨਹਿ ਜਾਤ ਸੁਜਾਤ ਬਿਚਾਰ ਕਰਹਿ,*
*ਅਰ ਪੂਤ ਖੁਦਾਇ ਜਨਾਹਿੰ ਸਬਾਰੇ।*
*ਰਹੁ ਰੀਤ ਗਹਿੰ ਨਹਿੰ ਬਿਪਰਨ[2] ਕੀ,*
*ਅਰ ਗੁਰਮਤਿ ਪ੍ਰਾਪਤ ਮੋਖ ਦੁਆਰੇ॥ ੧॥ ੧੧੫॥*

**ਅਰਥ :** ਹੁਣ ਗੁਰੂ ਦੇ ਸਿੰਘਾਂ ਦੀ ਰਹਿਤ ਸੁਣੋ। ਸਿੰਘ ਹਿਰਦੇ ਵਿਚ ਪਰਮਾਤਮਾ ਦਾ ਧਿਆਨ ਧਰੇ ਅਤੇ ਹਿਰਦੇ ਵਿਚ ਧਰਮ-ਯੁੱਧ ਚਿਤਾਰੇ। ਜਦ ਕੋਈ ਦੀਨ-ਦੁਖੀ ਆ ਕੇ ਸਹਾਇਤਾ ਕਰਨ ਲਈ ਬੇਨਤੀ ਕਰੇ ਤਾਂ ਨਿੱਜੀ ਸੁਖ-ਆਰਾਮ ਛੱਡ ਕੇ ਤੇ ਉਸ ਦਾ ਦੁੱਖ/ਮੁਸ਼ਕਲ ਦੂਰ ਕਰੇ। ਉੱਚੀ-ਨੀਵੀਂ, ਜਾਤ-ਪਾਤ, ਛੂਤ-ਛਾਤ ਦਾ ਭਰਮ ਤਿਆਗ ਕੇ ਸਾਰੀ ਮਨੁੱਖ ਜਾਤੀ ਨੂੰ ਪਰਮਾਤਮਾ ਦੇ ਬੱਚੇ ਕਰਕੇ ਜਾਣੇ। ਬ੍ਰਾਹਮਣੀ ਗੀਤ-ਰਿਵਾਜ ਤਿਆਗ ਕੇ ਗੁਰਮਤਿ ਅਨੁਸਾਰ ਚੱਲ ਕੇ ਮੋਖ ਪਦਵੀ ਪ੍ਰਾਪਤ ਕਰੇ॥ ੧॥ ੧੧੫॥

*ਸਿੰਘ ਸਸਤ੍ਰ ਸਜਾਇ ਸਨੇਹ[3] ਤਨਹਿ,*
*ਜੋਊ ਨੀਕ ਨਿਸਾਨ ਹੈ ਈਸਰ ਕੇਰਾ।*
*ਬਿਨ ਸਸਤ੍ਰਨ ਨਰੁ ਸ੍ਰਿਗਾਲ[4] ਬਨੇ,*
*ਸਬ ਭਾਨ ਮਿਟੈ ਦ੍ਰਿਗ ਤੀਸਰ ਕੇਰਾ।*
*ਜਪ ਜਤ ਸਤ ਸੰਜਮ ਸਸਤ੍ਰਨ ਸੌਂ,*
*ਤਪ ਦਾਇਮ ਚਲਹਿ ਤਪੀਸਰ ਕੇਰਾ।*
*ਖਗ[5] ਖੰਡ ਅਖੰਡ ਪ੍ਰਚੰਡ ਬਡੇ,*
*ਇਹੈ ਨਾਮੁ ਸਹੀ ਜਗਦੀਸਰ ਕੇਰਾ॥ ੨॥ ੧੧੬॥*

**ਅਰਥ :** ਸਿੰਘ ਪਿਆਰ ਨਾਲ ਤਨ 'ਤੇ ਸ਼ਸਤਰ ਸਜਾਏ ਜੋ ਪਰਮਾਤਮਾ ਦੇ ਸੁੰਦਰ ਚਿੰਨ੍ਹ ਹਨ। ਸ਼ਸਤਰਾਂ ਤੋਂ ਬਿਨਾਂ ਬੰਦਾ ਗਿੱਦੜ ਰਹਿ ਜਾਂਦਾ ਹੈ ਅਤੇ ਤੀਸਰੇ ਨੇਤਰ ਦਾ

---

੧. ਧਰਮ-ਯੁੱਧ
੨. ਬ੍ਰਾਹਮਣਾਂ
੩. ਪਿਆਰ ਨਾਲ
੪. ਗਿੱਦੜ
੫. ਤਲਵਾਰ

ਪ੍ਰਕਾਸ਼ ਮਿਟ ਜਾਂਦਾ ਹੈ। ਜਪ-ਤਪ, ਸਤ-ਸੰਜਮ ਸ਼ਸਤਰਾਂ ਨਾਲ ਤੇ ਤਪੀਸਰਾਂ ਵਾਂਗ ਹਮੇਸ਼ਾਂ ਤਪ ਸਾਧੇ (ਭਾਵ ਸੇਵਾ-ਸਿਮਰਨ ਕਰੇ)। ਤਲਵਾਰ ਨਾਲ ਖੰਡ ਅਖੰਡ ਵਿਚ ਜੋਸ਼/ਪ੍ਰਤਾਪ ਵਧਦਾ ਹੈ। ਇਹ ਪਰਮਾਤਮਾ ਦਾ ਸਹੀ ਨਾਮ ਹੈ॥ ੨॥ ੧੧੬॥

*ਨਹਿ ਖੰਡ ਕਰਹਿ ਸਿੰਘ ਰੋਮਨ ਕਉ,*
*ਔ ਰੋਮਾਂਤਕ[6] ਮੂਲ ਨਹਿ ਰੋਮ ਛੁਹਾਵੈ।*
*ਦਸਤਾਰ ਸਜਹਿ ਸਿੰਘ ਸਾਬਤ ਸੂਰਤਿ,*
*ਨਾਕ ਔ ਕਾਨ ਨਹਿ ਬਿੰਧਵਾਵੈ।*
*ਜਬ ਸਿੰਘ ਬੀਨਿੰਦ[7] ਹੈ ਸਿੰਘ ਕੋਇ,*
*ਤਉ ਵਾਹਿਗੁਰੂ ਜੀ ਕੀ ਫਤੇ ਗਜਾਵੈ।*
*ਜਬ ਭੋਜਨ ਬਿੰਜਨ ਸਿੰਘ ਕਰਹਿ,*
*ਅੰਨ ਭੂਖਹਿ ਦੇ ਕਰ ਪਾਛੈ ਖਾਵੈ॥ ੩॥ ੧੧੭॥*

ਅਰਥ: ਸਿੰਘ ਕਦੇ ਆਪਣੇ ਰੋਮਾਂ/ਕੇਸਾਂ ਦੀ ਬੇਅਦਬੀ ਨਹੀਂ ਕਰਦਾ। ਜਿਸ ਨਾਲ ਕੇਸ ਕੱਟੇ ਜਾਣ, ਉਹ ਔਜ਼ਾਰ ਕੇਸਾਂ ਨੂੰ ਛੁਹਾਇਆ ਤਕ ਵੀ ਨਾ ਜਾਵੇ। ਸਿੰਘ ਸਾਬਤ ਸੂਰਤ ਰਹੇ ਅਤੇ ਸਿਰ 'ਤੇ ਦਸਤਾਰ ਸਜਾਵੇ। (ਕੋਈ ਵੀ ਸਿੰਘ-ਸਿੰਘਣੀ ਰੋਮ ਨਾ ਕੱਟੇ ਤੇ) ਨਾ ਹੀ ਨੱਕ, ਕੰਨ ਵਿੰਨ੍ਹਾਵੇ। ਜਦੋਂ ਕੋਈ ਸਿੰਘ-ਸਿੰਘਣੀ ਇਕ ਦੂਜੇ ਨੂੰ ਮਿਲੇ ਤਾਂ (ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ਗਜਾਵੇ)। ਜਦ ਭੋਜਨ ਛਕੇ ਤਾਂ ਪਹਿਲਾਂ ਭੁੱਖੇ ਨੂੰ ਖੁਆ ਕੇ ਪਿੱਛੋਂ ਆਪ ਛਕੇ॥ ੩॥ ੧੧੭॥

*ਹੁਕਾ ਔ ਕੁਠਾ ਚਰਸ ਤਬਾਕੂ,*
*ਭੂਲਹਿ ਸਿੰਘ ਨਜੀਕ ਨ ਜਾਵੈ।*
*ਵਸਤ੍ਰ ਸੂਹਾ ਨਸਵਾਰ ਤਜਹਿ,*
*ਨਹਿ ਹੁਕਈ ਕੈ ਸੰਗ ਪ੍ਰੀਤ ਬੜਾਵੈ।*
*ਨਿਤ ਨੀਤ ਕਰਹਿ ਸੰਗ ਸਿੰਘਨ ਕਾ,*
*ਅਸਿੰਘਨ[8] ਫੋਕਟ ਪ੍ਰੀਤ ਨਹਿ ਪਾਵੈ।*
*ਨਿਤ ਨੀਤ ਕਰਹਿ ਸੰਗ ਨਾਰੁ ਨਿਜੈ,*
*ਪਰ ਨਾਰੁ[9] ਸੁਤਾ[10] ਨਿਜ ਮਾਤ ਜਨਾਵੈ॥ ੪॥ ੧੧੮॥*

ਅਰਥ: ਹੁੱਕੇ, ਕੁੱਠੇ, ਚਰਸ ਤੇ ਤੰਬਾਕੂ ਆਦਿ ਨੇੜੇ ਸਿੰਘ ਭੁੱਲ ਕੇ ਵੀ ਨਾ ਜਾਵੇ

੬. ਉਸਤਰਾ, ਰੋਮਾਂ ਦਾ ਨਾਸ ਕਰਨ ਵਾਲਾ ਸੰਦ
੭. (ਸਾਹਮਣੇ) ਮਿਲੇ
੮. ਪਤਿਤ
੯. ਪਰਾਈ ਇਸਤਰੀ
੧੦. ਧੀ (ਬੇਟੀ)

ਭਾਵ ਨਾ ਛਕੇ। ਸੂਹੇ ਬਸਤਰ ਤੇ ਨਸਵਾਰ ਦਾ ਤਿਆਗ ਕਰੇ ਤੇ ਹੁੱਕਾ ਪੀਣ ਵਾਲੇ ਨਾਲ ਪ੍ਰੇਮ ਵੀ ਨਾ ਕਰੇ। ਹਮੇਸ਼ਾਂ (ਚੰਗੇ ਜੀਵਨ ਵਾਲੇ) ਸਿੰਘਾਂ ਦੀ ਸੰਗਤ ਕਰੇ ਅਤੇ ਪਤਿਤ ਲੋਕਾਂ ਨਾਲ ਬਿਲੁਕਲ ਪਿਆਰ ਨਾ ਕਰੇ। ਹਮੇਸ਼ਾਂ ਆਪਣੀ ਪਤਨੀ ਨਾਲ ਪ੍ਰੇਮ-ਸੰਗ ਕਰੇ ਤੇ ਪਰਾਈ ਬਹੂ, ਬੇਟੀ ਨੂੰ ਆਪਣੀ ਮਾਤਾ ਸਮਾਨ ਜਾਣੇ॥ ੪॥ ੧੧੮॥

*ਅਰਪਨ[11] ਪੂਜਨ ਸੁਖਨ ਤਰਪਨ,[12]*
*ਪੂਛਨ ਬਰਤ ਕੋ ਸਿੰਘ ਬਿਦਾਰੈ॥*
*ਸਗਨ ਮਹੂਰਤ ਜੰਤਰ[13] ਮੰਤਰ,[14]*
*ਤੰਤਰ[15] ਕਾ ਨਹਿ ਭਰਮ ਚਿਤਾਰੈ।*
*ਹੋਮ ਸ੍ਰਾਧ ਵਿਵਰਜਿਤ[16] ਹਹਿਂ ਸਿੰਘ,*
*ਰਾਸੀ ਔ ਗ੍ਰਹਿ ਦਿਸ ਨਹਿਂ ਬਿਚਾਰੈ।*
*ਝੂਠ ਕਪਟ ਛਲ ਚੋਰੀ ਔ ਯਾਰੀ,*
*ਨਿੰਦ ਜੂਆ ਅਨਿਯਾਯ ਨਿਵਾਰੈ॥ ੫॥ ੧੧੯॥*

**ਅਰਥ**: ਬ੍ਰਾਹਮਣੀ ਕਰਮ-ਕਾਂਡ ਅਨੁਸਾਰ ਦਾਨ-ਭੇਟਾ ਲੈਣੀ ਜਾਂ ਦੇਣੀ, (ਪਰਮਾਤਮਾ ਤੋਂ ਇਲਾਵਾ) ਕਿਸੇ ਦੀ ਪੂਜਾ ਕਰਨੀ ਜਾਂ ਕਰਵਾਉਣੀ, (ਕਿਸੇ ਫਲ-ਪ੍ਰਾਪਤੀ ਵਾਸਤੇ) ਸੁੱਖਣਾ ਸੁੱਖਣੀ, ਪਿਤਰ ਪੂਜਾ, ਪੁੱਛਾਂ ਲੈਣੀਆਂ ਜਾਂ ਦੇਣੀਆਂ, ਵਰਤ ਰੱਖਣੇ ਆਦਿ ਨੂੰ ਸਿੰਘ-ਸਿੰਘਣੀ ਭਾਵ ਖ਼ਾਲਸਾ ਤਿਆਗ ਦੇਵੇ। ਸਗਨ-ਅਪਸਗਨ, ਜੰਤ੍ਰ, ਮੰਤ੍ਰ ਤੇ ਤੰਤ੍ਰ ਆਦਿ ਦਾ (ਮਨ ਵਿਚ) ਭਰਮ ਨਾ ਚਿਤਵੇ। ਖ਼ਾਲਸੇ ਨੂੰ ਹੋਮ ਸਰਾਧ ਕਰਨੇ ਵਿਵਰਜਿਤ ਹਨ, (ਚੰਗੀ-ਮਾੜੀ) ਰਾਸ਼ੀ, ਗ੍ਰਹਿਣ ਲੱਗਣ ਤੇ (ਚੰਗੀ ਮਾੜੀ) ਦਿਸ਼ਾ ਦੇ ਭਰਮ ਨੂੰ ਸਿੰਘ ਨਾ ਵਿਚਾਰੇ। ਝੂਠ ਬੋਲਣਾ, ਛਲ-ਕਪਟ, ਚੋਰੀ, ਯਾਰੀ, ਕਿਸੇ ਦੀ ਨਿੰਦਿਆ ਕਰਨੀ, ਜੂਆ ਖੇਡਣਾ ਤੇ ਕਿਸੇ ਨਾਲ ਅਨਿਆਂ ਕਰਨਾ ਆਦਿ ਸਭ ਤਿਆਗ ਦੇਵੇ॥ ੫॥ ੧੧੯॥

---

੧੧. ਦਾਨ, ਭੇਟਾ
੧੨. ਪਿਤਰ ਪੂਜਾ
੧੩. ਉਸ ਦੇਵਤੇ ਦੇ ਸੁਭਾਵ ਅਨੁਸਾਰ ਉਸ ਨੂੰ ਖ਼ੁਸ਼ ਕਰਨ ਵਾਲੇ ਕੁਝ ਲਫ਼ਜ਼ਾਂ ਦੀ ਇਕ 'ਤੁਕ' ਨੂੰ ਮੁੜ-ਮੁੜ ਪੜ੍ਹਨਾ, ਇਸ ਨੂੰ ਮੰਤ੍ਰ ਕਿਹਾ ਜਾਂਦਾ ਹੈ।
੧੪. ਪੱਤਰ ਜਾਂ ਕਾਗ਼ਜ਼ ਆਦਿਕ ਉੱਤੇ ਉਸ ਇਸ਼ਟ ਦੇਵ ਨਾਲ ਸੰਬੰਧ ਰੱਖਣ ਵਾਲੇ ਕੁਝ ਅੱਖਰ ਜਾਂ ਹਿੰਦਸੇ ਲਿਖ ਕੇ ਉਸ 'ਤਵੀਤ' ਨੂੰ ਆਪਣੇ ਪਾਸ ਰੱਖਣਾ, ਇਸ ਨੂੰ ਜੰਤ੍ਰ ਕਿਹਾ ਜਾਂਦਾ ਹੈ।
੧੫. ਉਸ 'ਇਸਟ ਦੇਵ' ਨੂੰ ਖ਼ੁਸ਼ ਕਰਨ ਲਈ ਕੋਈ ਖਾਸ ਰਸਮਾਂ ਕਰਨੀਆਂ ਜਿਵੇਂ ਭੂਤਾਂ ਨੂੰ ਵੱਸ ਕਰਨ ਵਾਲੇ ਮੜ੍ਹੀਆਂ ਜਾਂ ਕਬਰਾਂ ਵਿਚ ਜਾ ਕੇ ਦੁੱਧ ਜਾਂ ਹੋਰ ਚੀਜ਼ਾਂ ਕਈ ਤਰੀਕਿਆਂ ਨਾਲ ਉਨ੍ਹਾਂ ਨੂੰ ਭੇਟ ਕਰਦੇ ਹਨ, ਇਸ ਨੂੰ ਤੰਤ੍ਰ ਕਿਹਾ ਜਾਂਦਾ ਹੈ।
੧੬. ਮਨ੍ਹਾ ਹੈ

*ਉਤਮ ਕਿਰਤ ਵਿਉਪਾਰ ਕੀ ਹਹਿ,*
*ਸਿੰਘ ਕੂੜ ਕੁਸਤ ਨ ਕਾਰ ਕਮਾਵੈ।*
*ਮਧਮ ਕਿਰਤ ਕਿਸਾਨ ਕੀ ਜਾਨਿ ਕੈ,*
*ਸਿੰਘ ਦਹਿ ਨਾਖਨ[੧੭] ਕੀ ਕਰ ਖਾਵੈ।*
*ਸਿੰਘ ਕਬਹੁੰ ਨਹਿੰ ਚਾਕਰੁ ਹੋਵਹਿ,*
*ਹੋਹਿ ਤਉ ਸੈਨਿਕ ਸੇਵ ਸੁਹਾਵੈ।*
*ਏਕੁ ਅਕਾਲ ਬਿਨਾ ਸਿੰਘ ਅਵਰਨ,*
*ਦੇਵਨ ਪਹਿ ਨਹਿੰ ਸੀਸ ਝੁਕਾਵੈ॥ ੬॥ ੧੨੦॥*

**ਅਰਥ :** ਵਪਾਰ ਦੀ ਕਿਰਤ ਉੱਤਮ ਹੈ। ਸਿੰਘ ਝੂਠੀ ਤੇ ਮੰਦੀ ਕਿਰਤ ਨਾ ਕਰੇ। ਦੂਜੇ ਦਰਜੇ ਦੀ ਕਿਰਤ/ਕਮਾਈ ਕਿਸਾਨ ਦੀ ਸਮਝ ਕੇ ਸਿੰਘ ਦਸਾਂ ਨਹੁੰਆਂ (ਭਾਵ ਹੱਕ-ਸੱਚ) ਦੀ ਕਿਰਤ ਕਰ ਕੇ ਖਾਵੇ। ਸਿੰਘ ਕਦੇ ਨੌਕਰ ਨਾ ਹੋਵੇ, ਜੇਕਰ ਹੋਵੇ ਤਾਂ ਫ਼ੌਜ ਦੀ ਨੌਕਰੀ ਕਰੇ। ਇਕ ਅਕਾਲ ਪੁਰਖ ਤੋਂ ਇਲਾਵਾ ਸਿੰਘ ਕਿਸੇ ਹੋਰ ਅਖੌਤੀ ਦੇਵੀ-ਦੇਵਤੇ ਅੱਗੇ ਸੀਸ ਨਾ ਝੁਕਾਵੇ॥ ੬॥ ੧੨੦॥

*ਪਰ ਧਨ[੧੮] ਪਰ ਸੰਪਤ ਪਰ ਕਬਹੁੰ,*
*ਸਿੰਘ ਨਹਿ ਭੂਲਹਿ ਆਂਖ ਟਿਕਾਵੈ।*
*ਕਿਰਤ ਕਰਹਿ ਦਹਿ ਨਾਖਨ ਕੀ ਸਿੰਘ,*
*ਔਰਨ੍ ਕਾ ਹੱਕ ਮੂਲ ਨ ਖਾਵੈ।*
*ਨਿਸਸਤ੍ਰ[੧੯] ਤੈ ਨਹਿ ਚੋਟ ਕਰਹਿ ਸਿੰਘ,*
*ਚੋਟ ਪਿਛੋਰ[੨੦] ਨਹਿ ਕਬਹੂੰ ਲਾਵੈ।*
*ਮੜੀ ਔ ਮਸਾਣੀ ਗੋਰ ਬਤਾਣੀ,[੨੧]*
*ਭੂਲਹਿ ਸਿੰਘ ਨਹਿੰ ਸੀਸ ਨਿਵਾਵੈ॥ ੭॥ ੧੨੧॥*

**ਅਰਥ :** ਸਿੰਘ ਭੁੱਲ ਕੇ ਵੀ ਪਰਾਏ ਧਨ-ਸੰਪੱਤੀ 'ਤੇ ਅੱਖ ਨਾ ਰੱਖੇ। ਸਿੱਖ ਦਸਾਂ ਨਹੁੰਆਂ ਦੀ ਕਿਰਤ ਕਰੇ ਅਤੇ ਪਰਾਇਆ ਹੱਕ ਨਾ ਖਾਵੇ। ਸਿੱਖ ਕਦੇ ਮੜ੍ਹੀਆਂ, ਮਸਾਣਾਂ, ਗੋਰ-ਮਜ਼ਾਰਾਂ ਤੇ ਬੁੱਤਾਂ (ਮੂਰਤੀਆਂ) ਨੂੰ ਭੁੱਲ ਕੇ ਵੀ ਸਿਰ ਨਾ ਨਿਵਾਏ॥ ੭॥ ੧੨੧॥

*ਜੋ ਨਿਜ ਕੋ[੨੨] ਪ੍ਰਤਿਪਾਲਕ ਜਾਨੈ,*

---

੧੭. ਦਸਾਂ ਨਹੁੰਆਂ
੧੮. ਪੈਸੇ
੧੯. ਸ਼ਸਤਰਹੀਣ
੨੦. ਪਿੱਠ 'ਤੇ
੨੧. ਬੁੱਤ
੨੨. ਆਪਣੇ ਆਪ ਨੂੰ

***ਬੇਮੁਖ ਕਾ ਸਿੰਘ ਭੋਜ ਨਹਿੰ ਸੇਵੈ[23]।***
***ਆਪਨ ਇਸਟ ਬਿਨਾ ਅਵਰਨ[24] ਕਾ,***
***ਸਿੰਘ ਕਬਹੂੰ ਪ੍ਰਸਾਦਿ ਨਹਿੰ ਲੇਵੈ।***
***ਮਤਿ ਪ੍ਰਿਵਿਰਤ[25] ਭਏ ਤਿਸ ਜਨ ਕੀ,***
***ਅਵਰਨ ਕਾ ਪ੍ਰਸਾਦਿ ਜੋ ਜੇਵੈ।***
***ਅਰ ਫਿਰ ਸਿਦਕ ਭਿ ਡੋਲਹਿ ਤਿਸ ਕਾ,***
***ਸਮ[26] ਪ੍ਰਸਾਦਿ ਜੋ ਸਭਸ ਜਨੇਵੈ॥ ੮॥ ੧੨੨॥***

**ਅਰਥ :** ਜੋ (ਧਨ-ਦੌਲਤ ਦੇ ਹੰਕਾਰ ਵਿਚ) ਆਪਣੇ ਆਪ ਨੂੰ ਦੂਸਰਿਆਂ ਦੀ ਪਾਲਣਾ ਕਰਨ ਵਾਲਾ ਸਮਝਦਾ ਹੈ, ਉਸ ਬੇਮੁਖ ਦਾ ਭੋਜਨ ਸਿੱਖ ਨਾ ਛਕੇ। ਆਪਣੇ ਗੁਰ-ਪ੍ਰਮੇਸ਼ਰ ਤੋਂ ਬਿਨਾਂ ਕਿਸੇ ਹੋਰ ਦਾ ਪ੍ਰਸਾਦ (ਸੀਰਣੀ) ਨਾ ਲਵੇ। ਉਸ ਸਿੱਖ ਦੀ ਮਤਿ ਭ੍ਰਿਸ਼ਟ ਹੋ ਜਾਂਦੀ ਹੈ ਜੋ ਹੋਰਾਂ ਦਾ ਪ੍ਰਸਾਦ (ਸੀਰਣੀ) ਖਾਵੇ ਅਤੇ ਫਿਰ ਉਸ ਦਾ ਸਿਦਕ/ਭਰੋਸਾ ਵੀ ਡੋਲ ਜਾਂਦਾ ਹੈ, ਜੋ ਸਭ ਦਾ ਪ੍ਰਸ਼ਾਦ ਸਮਾਨ ਜਾਣ ਕੇ ਖਾ ਲੈਂਦਾ ਹੈ॥ ੮॥ ੧੨੨॥

***ਅਲਪ[27] ਆਹਾਰ[28] ਕਰਹਿ ਕਮ ਸੋਵਹਿ,***
***ਲੋਭ ਵਸਹਿ ਪ੍ਰਸਾਦਿ ਨਹਿ ਖਾਵੈ।***
***ਨਿੰਦਹਿ ਨਹਿੰ ਪ੍ਰਸਾਦਿ ਕਉ ਕਬਹੂੰ,***
***ਵਾਹਿਗੁਰੂ ਕੀ ਸੁ ਦੇਨ ਗਣਾਵੈ।***
***ਖਾਨ ਔ ਪਾਨ ਪਵਿਤ੍ਰ ਸਬਹੂੰ,***
***ਤਨ ਮਨ ਮਾਫਕ ਹੋਇ ਸੁ ਪਾਵੈ।***
***ਜੇਤਸ ਅੰਨ ਪਵਿਤ੍ਰ ਸਬਹੂੰ,***
***ਪਹਿਰ ਪੋਸਾਕ ਹਮੇਸ ਜੀਮਾਵੈ[29] ॥ ੯॥ ੧੨੩॥***

**ਅਰਥ :** ਥੋੜ੍ਹਾ ਖਾਵੇ, ਥੋੜ੍ਹਾ ਸੌਂਵੇਂ, ਕਦੇ ਲਾਲਚ ਵੱਸ ਹੋ ਕੇ ਪਰਸ਼ਾਦਾ ਨ ਛਕੇ। ਪ੍ਰਸ਼ਾਦੇ ਦੀ ਕਦੇ ਨਿੰਦਿਆ ਨਾ ਕਰੇ ਸਗੋਂ ਉਸ ਨੂੰ ਵਾਹਿਗੁਰੂ ਦੀ ਦੇਣ ਜਾਣੇ। (ਮਤਿ ਨੂੰ ਭ੍ਰਿਸ਼ਟ ਕਰਨ ਵਾਲੇ ਖਾਣ-ਪੀਣ ਤੋਂ ਇਲਾਵਾ) ਹੋਰ ਸਭ ਖਾਣਾ ਤੇ ਪੀਣਾ ਪਵਿੱਤਰ ਹੈ ਜੋ ਤਨ-ਮਨ ਨੂੰ ਮਾਫ਼ਕ ਹੋਵੇ। ਜਿੰਨੇ ਅੰਨ-ਭੋਜਨ ਹਨ ਸਭ ਪਵਿੱਤਰ ਹਨ ਅਤੇ ਹਮੇਸ਼ਾ

---

੨੩. ਛਕੇ
੨੪. ਹੋਰਨਾਂ
੨੫. ਬਦਲ ਜਾਂਦੀ ਹੈ, ਭ੍ਰਿਸ਼ਟ
੨੬. ਬਰਾਬਰ
੨੭. ਥੋੜ੍ਹਾ
੨੮. ਭੋਜਨ
੨੯. ਛਕੇ

ਕੱਪੜੇ ਪਹਿਨ ਕੇ (ਸਿਰ ਢੱਕ ਕੇ) ਪਰਸ਼ਾਦਾ ਛਕੇ॥ ੯॥ ੧੨੩॥

*ਸਾਸ ਜਬਹਿ ਕੋਇ ਤਿਆਗਤ ਹੈ,*
*ਤਬ ਸਿੰਘ ਮਨਹਿ ਨਹਿ ਸੋਕ ਮਨਾਵੈ।*
*ਆਸਨ ਭੂਮਿ ਪੈ ਨਾਹਿ ਕਰਹਿ ਸਿੰਘ,*
*ਪਹਿਲ ਸੋ ਮੰਚ*[30] *ਪੈ ਆਸਨ ਲਾਵੈ।*
*ਹੁਕਮ ਹਰਿ ਕਾ ਹੂਆ ਸਤਿ ਮਾਨੈ,*
*ਚੀਤ ਕਰਹਿ ਸੋਇ ਭੋਜਨ ਪਾਵੈ।*
*ਅੰਚਕ ਪੰਚਕ*[31] *ਚੀਤ ਧਰਹਿ ਨਹਿੰ,*
*ਨਾਮ ਜਪੈ ਪ੍ਰਭ ਕੀਰਤ ਗਾਵੈ॥ ੧੦॥ ੧੨੪॥*

**ਅਰਥ :** ਜਦ ਕੋਈ ਵਿਅਕਤੀ ਸਰੀਰ ਤਿਆਗਦਾ ਹੈ ਤਦ ਕੋਈ ਸਿੱਖ (ਉਸ ਦੀ) ਮੌਤ/ਵਿਛੋੜੇ ਦਾ ਮਨ ਵਿਚ ਸੋਗ ਨਾ ਮਨਾਵੇ। ਮ੍ਰਿਤਕ ਦੇਹ ਨੂੰ ਮੰਜੇ ਤੋਂ ਲਾਹ ਕੇ ਭੁੰਜੇ ਨਾ ਲਿਟਾਇਆ ਜਾਵੇ ਸਗੋਂ ਮੰਜੇ 'ਤੇ ਪਿਆ ਰਹਿਣ ਦੇਵੇ। ਇਹ ਹੋਣੀ/ਮੌਤ ਨੂੰ ਅਕਾਲ ਪੁਰਖ ਦਾ ਹੁਕਮ ਸਤਿ ਕਰਕੇ ਮੰਨੇ ਅਤੇ ਜੋ ਮਨ ਕਰੇ ਉਹ ਭੋਜਨ ਛਕੇ। ਸੂਤਕ-ਪਾਤਕ, ਪੰਚਕਾਂ ਆਦਿ ਦਾ ਭਰਮ ਮਨ ਵਿਚ ਨਾ ਰੱਖੇ। ਇਸ ਸਮੇਂ ਪਰਮਾਤਮਾ ਦਾ ਨਾਮ ਜਪੇ ਅਤੇ ਉਸ ਦੀ ਸਿਫਤ-ਸਲਾਹ ਦੇ ਸ਼ਬਦ ਗਾਵੇ॥ ੧੦॥ ੧੨੪॥

ਇਤਿ

ਉਤਾਰਾ ਵਿਸਾਖ ੧੯੫੦ ਈ: ਨੂੰ

ਪਿੰਡ ਖਰਾਜਪੁਰ (ਪਟਿਆਲਾ) ਵਿਖੇ ਸੰਪੂਰਨ ਹੋਇਆ।

**ਗਰਜਾ ਸਿੰਘ (ਗਯਾਨੀ)**

---

੩੦. ਆਸਣ
੩੧. ਪੰਚਕਾਂ